ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

**Awaze Qaum** (ਯੂ. ਕੇ. ਤੋਂ ਪ੍ਰਕਾਸ਼ਿਤ)

You Tube https://youtu.be/LQwolgxDu7I

**International Daily Newspaper & WEB TV**

awazeqaumtvpunjab@gmail.com

ਸ਼ੁੱਕਰਵਾਰ, 15 ਮਈ 2026 (ਨਾਨਕਸ਼ਾਹੀ ਸੰਮਤ : ੫੫੮, ੧ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243



## ਜੇਠ ਦੀ ਸੰਗਰਾਂਦ ਅੱਜ


**ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੈਲੰਡਰ ਅਨੁਸਾਰ ਜੇਠ ਮਹੀਨੇ ਦੀ ਸੰਗਰਾਂਦ ਅੱਜ। ਦੇਸ਼ ਵਿਦੇਸ਼ ਵਿੱਚ ਇਸ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ।**

### ਪਿੰਡ ਤੇਹਿੰਗ ਦੀ ਮਿੱਟੀ ਤੋਂ ਉੱਠਿਆ ਇੱਕ ਪੰਜਾਬੀ

# ਹੁਣ ਇੰਗਲੈਂਡ ਦੇ ਸ਼ਹਿਰ ਲੈਸਟਰ ਦਾ ਪਹਿਲਾ ਸਿੱਖ ਲਾਰਡ ਮੇਅਰ ਬਣਨ ਜਾ ਰਿਹਾ ਹੈ

## ਨਾਂ ਹੈ — ਕੁਲਵਿੰਦਰ ਸਿੰਘ ਜੌਹਲ

**ਲੰਡਨ, 14 ਮਈ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਦੇ ਫਿਲੌਰ ਨੇੜਲੇ ਛੋਟੇ ਜਿਹੇ ਪਿੰਡ ਤੇਹਿੰਗ ਨਾਲ ਸੰਬੰਧਤ ਕੁਲਵਿੰਦਰ ਸਿੰਘ ਜੌਹਲ ਨੇ ਵਿਦੇਸ਼ ਦੀ ਧਰਤੀ ‘ਤੇ ਪੰਜਾਬੀਆਂ ਦਾ ਮਾਣ ਹੋਰ ਉੱਚਾ ਕਰ ਦਿੱਤਾ ਹੈ।ਲੈਸਟਰ ਵਰਗੇ ਵੱਡੇ ਸ਼ਹਿਰ ਵਿੱਚ, ਜਿੱਥੇ ਹਜ਼ਾਰਾਂ ਪੰਜਾਬੀ ਅਤੇ ਸਿੱਖ ਪਰਿਵਾਰ ਵੱਸਦੇ ਹਨ, ਉੱਥੇ ਇੱਕ ਸਿੱਖ ਦਾ Lord Mayor ਬਣਨਾ ਸਿਰਫ਼ ਇਕ ਅਹੁਦਾ ਨਹੀਂ ਇਹ ਪੂਰੀ ਕੌਮ ਲਈ ਮਾਣ, ਸਨਮਾਨ ਅਤੇ ਇਤਿਹਾਸਕ ਪਲ ਹੈ। ਕੁਲਵਿੰਦਰ ਸਿੰਘ ਜੌਹਲ ਲੰਬੇ ਸਮੇਂ ਤੋਂ ਸਮਾਜ ਸੇਵਾ, ਨੌਜਵਾਨਾਂ ਦੀ ਰਹਿਨੁਮਾਈ ਅਤੇ ਕਮਿਊਨਿਟੀ ਵਿਕਾਸ ਲਈ ਕੰਮ ਕਰਦੇ ਆ ਰਹੇ ਹਨ। ਲੋਕਾਂ ਦੀ ਸੇਵਾ ਕਰਨ ਵਾਲਾ ਇਹ ਸੁਭਾਉ ਹੀ ਉਨ੍ਹਾਂ ਨੂੰ ਅੱਜ ਇਸ ਮਕਾਮ ਤੱਕ ਲੈ ਕੇ ਆਇਆ ਹੈ। ਅੱਜ ਪਿੰਡ ਤੇਹਿੰਗ ਤੋਂ ਲੈ ਕੇ ਪੂਰੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵਿੱਚ ਖ਼ੁਸ਼ੀ ਦੀ ਲਹਿਰ ਹੈ।



ਹਰ ਕੋਈ ਮਾਣ ਨਾਲ ਕਹਿ ਰਿਹਾ ਹੈ —
“ਵੇਖੋ, ਸਾਡਾ ਪੰਜਾਬੀ ਦੁਨੀਆ ‘ਚ ਛਾ ਗਿਆ!”
**ਕੁਲਵਿੰਦਰ ਸਿੰਘ ਜੌਹਲ ਨੂੰ ਬਹੁਤ-ਬਹੁਤ ਵਧਾਈਆਂ।**

## ਅਦਾਰਾ ‘ਆਵਾਜ਼ਿ ਕੌਮ’ ਦੇ ਮੁੱਖ ਸੰਪਾਦਕ ਰਘਵੀਰ ਸਿੰਘ ਵਾਲਸਾਲ ਵੱਲੋਂ ਵਧਾਈਆਂ

ਇੰਗਲੈਂਡ ਦੇ ਪ੍ਰਸਿੱਧ ਸ਼ਹਿਰ ਲੈਸਟਰ ਵਿੱਚ ਇਤਿਹਾਸ ਰਚਿਆ ਜਾਣ ਜਾ ਰਿਹਾ ਹੈ, ਜਿੱਥੇ ਪੰਜਾਬੀ ਮੂਲ ਦੇ ਕੁਲਵਿੰਦਰ ਸਿੰਘ ਜੌਹਲ ਨੂੰ ਲੈਸਟਰ ਦਾ ਪਹਿਲਾ ਸਿੱਖ ਲਾਰਡ ਮੇਅਰ ਬਣਾਇਆ ਜਾ ਰਿਹਾ ਹੈ। ਇਸ ਖ਼ਬਰ ਨਾਲ ਦੁਨੀਆ ਭਰ ਦੇ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। ਕੁਲਵਿੰਦਰ ਸਿੰਘ ਜੌਹਲ ਦਾ ਸੰਬੰਧ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਫਿਲੌਰ ਨੇੜਲੇ ਪਿੰਡ ਤੇਹਿੰਗ ਨਾਲ ਹੈ। ਆਪਣੇ ਪਿੰਡ ਅਤੇ ਪੰਜਾਬੀ ਵਿਰਸੇ ਨਾਲ ਜੁੜੇ ਰਹਿੰਦੇ ਹੋਏ ਉਨ੍ਹਾਂ ਨੇ ਵਿਦੇਸ਼ ਵਿੱਚ ਵੀ ਪੰਜਾਬੀਆਂ ਦਾ ਨਾਮ ਰੌਸ਼ਨ ਕੀਤਾ ਹੈ। **ਅਦਾਰਾ ‘ਆਵਾਜ਼ਿ ਕੌਮ ਯੂ. ਕੇ.’ ਉਨ੍ਹਾਂ ਦੀ ਇਸ ਉਪਲਬਧੀ ’ਤੇ ਲੱਖ-ਲੱਖ ਵਧਾਈਆਂ ਦਿੰਦਾ ਹੈ।**



## ਅਦਾਕਾਰ ਯੋਗਰਾਜ ਸਿੰਘ ਖ਼ਿਲਾਫ਼ ਪਰਚਾ ਦਰਜ

**ਚੰਡੀਗੜ੍ਹ, 14 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਫ਼ਿਲਮ ਇੰਡਸਟਰੀ ਦੇ ਦਿੱਗਜ ਅਦਾਕਾਰ ਯੋਗਰਾਜ ਸਿੰਘ ਇਕ ਵਾਰ ਫਿਰ ਕਾਨੂੰਨੀ ਮੁਸ਼ਿਕਲਾਂ ’ਚ ਘਿਰ ਗਏ ਹਨ। ਉਨ੍ਹਾਂ ਖ਼ਿਲਾਫ਼ ਚੰਡੀਗੜ੍ਹ ਦੇ ਸੀਨੀਅਰ ਪੁਲਸ ਕਪਤਾਨ ਨੂੰ ਇਕ ਰਸਮੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਹੁਣ ਉਨ੍ਹਾਂ ਖ਼ਿਲਾਫ਼ ਵਿਵਾਦਿਤ ਡਾਇਲੌਗ ਨੂੰ ਲੈ ਕੇ ਮਾਮਲਾ ਦਰਜ ਹੋ ਗਿਆ ਹੈ। ਇਹ ਮਾਮਲਾ ਇਕ ਫ਼ਿਲਮ ਦੀ ਵਾਇਰਲ ਕਲਿੱਪ ਨਾਲ ਜੁੜਿਆ ਹੋਇਆ ਹੈ, ਜਿਸ ’ਚ ਯੋਗਰਾਜ ਸਿੰਘ ਵੱਲੋਂ ਔਰਤਾਂ ਪ੍ਰਤੀ ਕਥਿਤ ਤੌਰ ’ਤੇ ਭੱਦੀ ਅਤੇ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਇਹ ਪਰਚਾ ਚੰਡੀਗੜ੍ਹ ਦੇ ਸੈਕਟਰ 36 ਥਾਣੇ ਦੀ ਪੁਲਸ ਨੇ ਦਰਜ ਕੀਤਾ ਹੈ।



**ਕੀ ਹੈ ਪੂਰਾ ਵਿਵਾਦ ?**

ਦਰਅਸਲ ਸੋਸ਼ਲ ਮੀਡੀਆ ’ਤੇ ਇਕ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ’ਚ ਯੋਗਰਾਜ ਸਿੰਘ ਇਕ ਮਹਿਲਾ ਪੁਲਸ ਅਧਿਕਾਰੀ ਦੀ ਭੂਮਿਕਾ ਨਿਭਾ ਰਹੀ ਮਹਿਲਾ ਬਾਰੇ ਟਿੱਪਣੀ ਕਰ ਰਹੇ ਹਨ। ਐਡਵੋਕੇਟ ਉੱਜਵਲ ਭਸੀਨ ਵੱਲੋਂ ਦਿੱਤੀ ਗਈ ਸ਼ਿਕਾਇਤ ’ਚ ਦੋਸ਼ ਲਾਇਆ ਗਿਆ ਹੈ ਕਿ ਯੋਗਰਾਜ ਸਿੰਘ ਦੀ ਇਹ ਟਿੱਪਣੀ ਔਰਤਾਂ ਦੀ ਮਰਿਆਦਾ ਅਤੇ ਸਨਮਾਨ ਨੂੰ ਠੇਸ ਪਹੁੰਚਾਉਣ ਵਾਲੀ ਹੈ। ਸ਼ਿਕਾਇਤ ਕਰਤਾ ਦਾ ਕਹਿਣਾ ਹੈ ਕਿ ਫ਼ਿਲਮਾਂ ’ਚ ਅਜਿਹੀ ਅਪਮਾਨਜਨਕ ਭਾਸ਼ਾ ਦੀ ਵਰਤੋਂ ਸਮਾਜ ’ਚ ਗਲਤ ਸੰਦੇਸ਼ ਦਿੰਦੀ ਹੈ।

**FIR ਅਤੇ ਸਖ਼ਤ ਕਾਰਵਾਈ ਦੀ ਮੰਗ**

ਸ਼ਿਕਾਇਤ ’ਚ ਮੰਗ ਕੀਤੀ ਗਈ ਸੀ ਕਿ ਅਦਾਕਾਰ ਯੋਗਰਾਜ ਸਿੰਘ ਦੇ ਨਾਲ-ਨਾਲ ਇਸ ਕੰਟੈਂਟ ਨੂੰ ਬਣਾਉਣ ਵਾਲੇ ਨਿਰਦੇਸ਼ਕ ਅਤੇ ਨਿਰਮਾਤਾਵਾਂ ਖ਼ਿਲਾਫ਼ ਵੀ ਤੁਰੰਤ FIR ਦਰਜ ਕੀਤੀ ਜਾਵੇ। ਸ਼ਿਕਾਇਤ ਕਰਤਾ ਅਨੁਸਾਰ ਅਜਿਹੇ ਅਪਮਾਨਜਨਕ ਕੰਟੈਂਟ ਦੇ ਪ੍ਰਸਾਰਣ ’ਤੇ ਰੋਕ ਲਗਾਈ ਜਾਣੀ ਚਾਹੀਦੀ ਹੈ ਅਤੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਫਿਲਹਾਲ ਇਸ ਪੂਰੇ ਮਾਮਲੇ ’ਤੇ ਯੋਗਰਾਜ ਸਿੰਘ ਵੱਲੋਂ ਕੋਈ ਵੀ ਅਧਿਕਾਰਤ ਬਿਆਨ ਜਾਂ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ। ਪੁਲਸ ਪ੍ਰਸ਼ਾਸਨ ਨੇ ਸ਼ਿਕਾਇਤ ਦੇ ਮਗਰੋਂ ਹੁਣ ਐੱਫ਼. ਆਈ. ਆਰ. ਦਰਜ ਕਰ ਲਈ ਅਤੇ ਉਮੀਦ ਜਤਾਈ ਜਾ ਰਹੀ ਹੈ ਕਿ ਜਲਦੀ ਹੀ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਜਾਵੇਗੀ।

## ਜਲੰਧਰ ਬਲਾਸਟ ਮਾਮਲੇ ’ਚ ਮੁੱਖ ਮੁਲਜ਼ਮ ਗ੍ਰਿਫ਼ਤਾਰ, ਹੋਇਆ ਵੱਡਾ ਖ਼ੁਲਾਸਾ



**ਜਲੰਧਰ, 14 ਮਈ (ਆਵਾਜ਼ਿ ਕੌਮ ਬਿਊਰੋ)**-ਬੀ. ਐੱਸ. ਐੱਫ਼. ਹੈੱਡਕੁਆਰਟਰ ਦੇ ਬਾਹਰ ਹੋਏ ਆਈ. ਈ. ਡੀ. ਧਮਾਕੇ ਮਾਮਲੇ ਵਿਚ ਪੁਲਸ ਅਤੇ ਖ਼ੁਫ਼ੀਆ ਵਿੰਗ ਨੂੰ ਮਹੱਤਵਪੂਰਨ ਸੁਰਾਗ ਮਿਲੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਅਤੇ ਏਜੰਸੀਆਂ ਨੇ ਧਮਾਕੇ ਦੇ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਅਨਿਲ ਸ਼ਰਮਾ ਵਜੋਂ ਹੋਈ ਹੈ ਅਤੇ ਉਹ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਪੰਜਾਬ ਪੁਲਸ ਮੁਲਜ਼ਮ ਤੋਂ ਲਗਾਤਾਰ ਪੁੱਛਗਿੱਛ ਕਰ ਰਹੀ ਹੈ। ਪੰਜਾਬ ਪੁਲਸ ਧਮਾਕੇ ਦੇ ਪਿੱਛੇ ਦੀ ਸਾਜ਼ਿਸ਼ ਅਤੇ ਹਰ ਪਹਿਲੂ ਦੀ ਜਾਂਚ ਕਰ ਰਹੀ ਹੈ। ਸੂਤਰਾਂ ਅਨੁਸਾਰ ਮਾਸਟਰਮਾਈਂਡ ਨੂੰ ਦਿੱਲੀ ’ਚ ਹਿਰਾਸਤ ਵਿੱਚ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਕਾਰਵਾਈ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਅਤੇ ਕੇਂਦਰੀ ਏਜੰਸੀਆਂ ਦੁਆਰਾ ਪੰਜਾਬ ਪੁਲਸ ਤੋਂ ਮਿਲੇ ਇਨਪੁਟਸ ਦੇ ਆਧਾਰ ’ਤੇ ਇਕ ਸਾਂਝੇ ਆਪ੍ਰੇਸ਼ਨ ਵਿੱਚ ਕੀਤੀ ਗਈ ਸੀ। ਇਸ ਮਾਮਲੇ ਦੇ ਤਾਰ ਆਈ. ਐੱਸ. ਆਈ. ਨਾਲ ਜੁੜੇ ਹਨ। ਦੱਸਿਆ ਜਾ ਰਿਹਾ ਹੈ ਕਿ ਧਮਾਕੇ ਦਾ ਮਾਸਟਰਮਾਈਂਡ ਸ਼ਿਹਜ਼ਾਦ ਭੱਟੀ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕਿ ਆਈ. ਐੱਸ. ਆਈ. ਦੇ ਇਸ਼ਾਰੇ ’ਤੇ ਅੱਤਵਾਦੀ ਸਾਜਿਸ਼ ਦਾ ਪਲਾਨ ਸੀ। ਮੁਲਜ਼ਮ ਪੰਜਾਬ ਵਿਚ ਹੀ ਰਹਿੰਦਾ ਹੈ ਅਤੇ ਉਸ ਨੇ ਸਿਮ ਕਾਰਡ ਦੀ ਵਰਤੋਂ ਕਰਕੇ ਧਮਾਕਾ ਕੀਤਾ ਸੀ। ਸੂਤਰਾਂ ਮੁਤਾਬਕ ਮੁਲਜ਼ਮ ਨੇ ਆਈ. ਡੀ. ਕਾਰਡ ’ਚ ਆਪਣਾ ਸਿਮ ਕਾਰਡ ਲਗਾਇਆ ਹੋਇਆ ਸੀ ਅਤੇ ਆਈ. ਈ. ਡੀ. ਲਗਾਉਣ ਲਈ ਵਰਤੇ ਗਏ ਉਸੇ ਨੰਬਰ ’ਤੇ ਕਾਲ ਕੀਤੀ ਸੀ। ਦੱਸਿਆ ਜਾ ਰਿਹਾ ਹੈ ਕਿ ਦੋਸ਼ੀ ਨੇ ਸਰਹੱਦੀ ਖੇਤਰ ਦੇ ਕਿਸੇ ਵਿਅਕਤੀ ਤੋਂ ਆਈ. ਈ. ਡੀ. ਸਮੱਗਰੀ ਪ੍ਰਾਪਤ ਕੀਤੀ ਸੀ। ਸੁਰੱਖਿਆ ਏਜੰਸੀਆਂ ਸਮੱਗਰੀ ਦੇਣ ਵਾਲੇ ਮੁਲਜ਼ਮ ਦੀ ਭਾਲ ਲਈ ਛਾਪੇਮਾਰੀ ਕਰ ਰਹੀਆਂ ਹਨ। ਧਮਾਕੇ ਦੇ ਸੰਬੰਧ ’ਚ ਪੰਜਾਬ ’ਚ ਇਕ ਵੱਡਾ ਆਪ੍ਰੇਸ਼ਨ ਚੱਲ ਰਿਹਾ ਹੈ। ਟੀਮਾਂ ਦੇਰ ਰਾਤ ਤੱਕ ਨਕੋਦਰ, ਕਪੂਰਥਲਾ, ਨਵਾਂਸ਼ਹਿਰ, ਅੰਮ੍ਰਿਤਸਰ, ਤਰਨਤਾਰਨ ਅਤੇ ਹੁਸ਼ਿਆਰਪੁਰ ਖੇਤਰਾਂ ਦੀ ਜਾਂਚ ਕਰ ਰਹੀਆਂ ਹਨ।

## ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਬਣੀ ਰਾਜ ਸਿਹਤ ਮੰਤਰੀ

**ਲੰਡਨ, 14 ਮਈ (ਆਵਾਜ਼ਿ ਕੌਮ ਬਿਊਰੋ)**—ਬਰਤਾਨੀਆ ਦੀ ਸਿਆਸਤ ਵਿੱਚ ਸਿੱਖ ਭਾਈਚਾਰੇ ਲਈ ਇੱਕ ਮਹੱਤਵਪੂਰਨ ਪਲ ਉਸ ਵੇਲੇ ਸਾਹਮਣੇ ਆਇਆ ਜਦੋਂ ਲੇਬਰ ਪਾਰਟੀ ਦੀ ਪ੍ਰਮੁੱਖ ਆਗੂ ਅਤੇ ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ Preet Kaur Gill ਨੂੰ ਪ੍ਰਧਾਨ ਮੰਤਰੀ Keir Starmer ਵੱਲੋਂ ਰਾਜ ਸਿਹਤ ਅਤੇ ਸਮਾਜ ਭਲਾਈ ਮੰਤਰੀ ਨਿਯੁਕਤ ਕੀਤਾ ਗਿਆ। ਇਹ ਨਿਯੁਕਤੀ ਉਸ ਸਮੇਂ ਕੀਤੀ ਗਈ ਜਦੋਂ ਸਿਹਤ ਵਿਭਾਗ ਵਿੱਚ ਚੱਲ ਰਹੀਆਂ ਚੁਣੌਤੀਆਂ ਅਤੇ ਰਾਜਨੀਤਿਕ ਦਬਾਅ ਦੇ ਮੱਦੇਨਜ਼ਰ ਮੰਤਰੀ Jess Phillips ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਸ ਤੋਂ ਬਾਅਦ ਕੀਰ ਸਟਾਰਮਰ ਨੇ ਮੰਤਰੀ ਮੰਡਲ ਵਿੱਚ ਤਬਦੀਲੀਆਂ ਕਰਦਿਆਂ ਪ੍ਰੀਤ ਕੌਰ ਗਿੱਲ ਨੂੰ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ। ਪ੍ਰੀਤ ਕੌਰ ਗਿੱਲ 2017 ਵਿੱਚ ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਬਣ ਕੇ ਇਤਿਹਾਸ ਰਚ ਚੁੱਕੀਆਂ ਹਨ। ਉਹ ਲੰਬੇ ਸਮੇਂ ਤੋਂ ਸਮਾਜਿਕ ਨਿਆਂ, ਮਹਿਲਾ ਅਧਿਕਾਰਾਂ ਅਤੇ ਸਿਹਤ ਸੇਵਾਵਾਂ ਨਾਲ ਜੁੜੇ ਮਸਲਿਆਂ ‘ਤੇ ਸਰਗਰਮ ਆਵਾਜ਼ ਰਹੀਆਂ ਹਨ। ਉਨ੍ਹਾਂ ਦੀ ਨਵੀਂ ਨਿਯੁਕਤੀ ਨੂੰ ਸਿੱਖ ਭਾਈਚਾਰੇ ਅਤੇ ਦੱਖਣੀ ਏਸ਼ੀਆਈ ਵਰਗ ਵੱਲੋਂ ਵੱਡੀ ਪ੍ਰਾਪਤੀ ਵਜੋਂ ਵੇਖਿਆ ਜਾ ਰਿਹਾ ਹੈ। ਨਿਯੁਕਤੀ ਤੋਂ ਬਾਅਦ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਉਹ ਬਰਤਾਨੀਆ ਦੀ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ, ਮਰੀਜ਼ਾਂ ਲਈ ਸੁਵਿਧਾਵਾਂ ਵਿੱਚ ਸੁਧਾਰ ਕਰਨ ਅਤੇ ਹਰ ਵਰਗ ਤੱਕ ਸਿਹਤ ਸੇਵਾਵਾਂ ਦੀ ਪਹੁੰਚ ਯਕੀਨੀ ਬਣਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੀਆਂ। ਸਿੱਖ ਆਗੂਆਂ ਅਤੇ ਵੱਖ-ਵੱਖ ਭਾਈਚਾਰਕ ਸੰਸਥਾਵਾਂ ਨੇ ਵੀ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਬਰਤਾਨੀਆ ਦੀ ਰਾਜਨੀਤੀ ਵਿੱਚ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਹੋਰ ਮਜ਼ਬੂਤ ਹੋਵੇਗੀ। ਰਾਜਨੀਤਿਕ ਵਿਸ਼ਲੇਸ਼ਕਾਂ ਮੁਤਾਬਕ, ਕੀਰ ਸਟਾਰਮਰ ਵੱਲੋਂ ਪ੍ਰੀਤ ਕੌਰ ਗਿੱਲ ਨੂੰ ਮੰਤਰੀ ਮੰਡਲ ਵਿੱਚ ਅਹਿਮ ਜ਼ਿੰਮੇਵਾਰੀ ਦੇਣਾ ਲੇਬਰ ਪਾਰਟੀ ਦੀ ਵਿਭਿੰਨਤਾ ਅਤੇ ਸਮਾਵੇਸ਼ਤਾ ਪ੍ਰਤੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ।





# ਹਰਿ ਜੇਠੁ ਰੰਗੀਲਾ ਤਿਸੁ ਧਣੀ...

**ਹਰਿ ਜੇਠਿ ਜੁੜੰਦਾ ਲੋੜੀਐ, ਜਿਸ ਅਗੈ ਸਭਿ ਨਿਵੰਨਿ ॥ ਹਰਿ ਸਜਣ ਦਾਵਣਿ ਲਗਿਆ, ਕਿਸੈ ਨ ਦੇਈ ਬੰਨਿ ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵਨਿ ॥ ਜੋ ਹਰਿ ਲੜੇ ਸੋ ਕਰੇਂ, ਸੋਈ ਜੀਅ ਕਰੰਨਿ ॥ ਜੋ ਪ੍ਰਭਿ ਕੀਤੇ ਆਪਣੇ ਸੋਈ ਕਹੀਅਹਿ ਧੰਨਿ ॥ ਆਪਣ ਲੀਆ ਜੇ ਮਿਲੇ, ਵਿਛੁੜਿ ਕਿਉ ਰੋਵੰਨਿ ॥ ਸਾਧੂ ਸੰਗੁ ਪਰਾਪਤ, ਨਾਨਕ ਰੰਗ ਮਾਣੰਨਿ ॥**
**ਹਰਿ ਜੇਠੁ ਰੰਗੀਲਾ ਤਿਸੁ ਧਣੀ, ਜਿਸਕੈ ਭਾਗੁ ਮਥੰਨਿ ॥੪॥ (ਮਾਝ ਮਹਲਾ ੫)**

ਔਖੇ ਸਬਦਾਂ ਦੇ ਅਰਥ :

ਜੇਠਿ=ਜੇਠ ਦੇ ਮਹੀਨੇ ਵਿੱਚ । ਜੁੜਦਾ = ਜੁੜਨਾ । ਨਿਵੰਨਿ = ਨਿਉਂਦੇ ਹਨ । ਲੜੀਐ = ਮੰਗੀਏ । ਦਾਵਣਿ ਲਗਿਆ = ਪੱਲਾ ਪੜਿਆ । ਕਰੰਨਿ = ਕਰਦੇ ਹਨ । ਮਾਣੰਨਿ = ਮਾਣਦੇ ਹਨ । ਰੰਗੀਲਾ = ਸੁਹਾਵਣਾ, ਸੰਭਨੀਕ । ਧਣੀ=ਧਨਵਾਨ ਵਿਅਕਤੀ ਭਾਗ ਮਥੰਨਿ=ਮੱਥ ਦੇ ਲੇਖ, ਕਿਸਮਤ

**ਸਰਲ ਅਰਥ :**

ਜੇਠ ਦੇ ਮਹੀਨੇ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ ਕਰਦੇ ਹਨ ਕਿ ਉਸ ਪ੍ਰਭੂ ਪ੍ਰਮਾਤਮਾ ਨੂੰ ਪ੍ਰਾਪਤ ਕਰਨਾ ਲੋੜੀਏ ਜਿਸ ਅੱਗੇ ਕਿ ਸਾਰੇ ਹੀ ਝੁਕ ਰਹੇ ਹਨ । ਅਤੇ ਇਸ ਪਰਮ ਪੁਰਖ ਪ੍ਰਮਾਤਮਾ ਦਾ ਸਾਥ ਹੀ ਸਾਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਿਕਾਰਾਂ ਅਤੇ ਜਮਾਂ ਦੀ ਫਾਹੀ ਤੋਂ ਛੁਟਕਾਰਾ ਦਿਵਾ ਸਕਦਾ ਹੈ । ਹਰੀ ਪਰਮੇਸਰ ਦਾ 'ਨਾਮ' ਇਕ ਉਹ ਅਮੋਲਕ ਵਸਤੂ ਹੈ ਜਿਸਨੂੰ ਜੋਰ ਚੁਰਾ ਨਹੀਂ ਸਕਦੇ, ਅਗਨੀ ਜਲਾ ਨਹੀਂ ਸਕਦੀ ਅਤੇ ਜਲ ਡੁੱਬ ਨਹੀਂ ਸਕਦਾ । ਇਹ ਸਭ ਕਰਣਹਾਰ ਕਰਤਾਰ ਦੇ ਹੀ ਰੰਗ ਹਨ ਜੋ ਕਿ ਮਨ ਨੂੰ ਲੁਭਾਇਮਾਨ ਕਰ ਰਹੇ ਹਨ ਅਤੇ ਜੋ ਪ੍ਰਭੂ ਚਾਹੁੰਦਾ ਹੈ - ਮੈਂ ਕਰਦਾ ਹੈ, ਅਤੇ ਮਨੁੱਖੀ ਜੀਵ ਵੀ ਉਸੇ ਦੇ ਹੁਕਮ ਅਨੁਸਾਰ ਸਭ ਕਰਮ ਕਰਦੇ ਹਨ

ਆਵਾਜ਼ਿ ਕੌਮ AWAZE QAUM
International Newspaper & WEB TV

ਜਿਨ੍ਹਾਂ ਨੂੰ ਪ੍ਰਭੂ ਪ੍ਰੀਤਮ ਨੇ ਕ੍ਰਿਪਾ ਦ੍ਰਿਸਟੀ ਕਰਕੇ ਆਪਣਾ ਬਣਾ ਲਿਆ ਹੈ ਉਹ ਜੀਵ ਧੰਨਤਾ ਯੋਗ ਹਨ । ਪ੍ਰਭੂ ਦੇ ਮਿਲਾਪ ਲਈ ਪ੍ਰਭੂ ਦੀ ਮੋਹਰ ਬਖਸਸਿ ਹੋਣੀ ਅਤੇ ਲਾਜਮੀ ਹੈ, ਨਹੀਂ ਤਾਂ ਜੇਕਰ ਕਿਸੇ ਦੀ ਆਪਣੀ ਪਹੁੰਚ ਸਦਕਾ ਉਸਦੀ ਪ੍ਰਾਪਤੀ ਹੋ ਸਕਦੀ ਹੋਵੇ ਤਾਂ ਜੀਵ ਉਸਤੋਂ ਵਿਛੱੜ ਕੇ ਦੁਖੀ ਹੀ ਕਿਉਂ ਹੋਣ ? ਤਾਂ ਸਨ ਉੱਠਦਾ ਹੈ ਕਿ ਉਸ ਹਰੀ ਦੀ ਪ੍ਰਾਪਤੀ ਕਿਵੇਂ ਹੋਵੇ ? ਉੱਤਰ ਵੀ ਨਾਲ ਹੀ ਹੈ ਕਿ ਪਹੁੰਚੇ ਹੋਏ ਸਭ ਜਨਾਂ ਦੀ ਸੰਗਤ ਨਾਲ ਪ੍ਰੀਤਮ ਦੀ ਪ੍ਰਾਪਤੀ ਹੋ ਸਕਦੀ ਹੈ, ਜਿਸ ਉਪੰਤ ਜੀਵ ਲਈ ਖੁਸੀਆਂ ਅਤੇ ਖੇੜਿਆਂ ਦੇ ਅੰਬਾਰ ਲੱਗ ਜਾਂਦੇ ਹਨ । ਉਹ ਜੀਵ ਜਿਸਦੇ ਮੱਥੇ ਦੇ ਭਾਗ ਜਾਗ ਜਾਣ, ਜਿਸਨੂੰ ਪ੍ਰਭੂ-ਪ੍ਰੀਤਮ ਦੀ ਪ੍ਰਾਪਤੀ ਹੋ ਜਾਵੇ ਉਸ ਲਈ ਇਹ ਮਨੁੱਖਾ ਜੀਵਨ ਸੁਹਾਵਣਾ ਤੇ ਸੋਭਨੀਕ ਬਣ ਜਾਂਦਾ ਹੈ ਅਤੇ ਜੀਵਨ-ਯਾਤਰਾ ਸਫਲੀ ਹੋ ਜਾਂਦੀ ਹੈ ।

**ਕਾਵਿ-ਅਰਥ**

ਜੁੜਨਾ ਲੋੜ ਤਿਸ ਪ੍ਰੀਤਮ ਸੰਗ, ਜਿਸ ਅੱਗੋਂ ਸਭ ਨਿਊਦੇ ਨੇ। ਜਿਸਦੀ ਸਰਨਿ ਪਿਆਂ ਨੂੰ ਜਮ ਜੰਦਾਰ ਨਾ ਨੇੜੇ ਆਉਂਦੇ ਨੇ । ਹਰਿ ਕਾ ਨਾਮ ਅਮੋਲਕ ਹੀਰਾ, ਜਿਸ ਨਾ ਚੋਰ ਚੁਰਾਉਂਦੇ ਨੇ । ਕਰਤੇ ਹੀ ਰੰਗ ਨੇ ਸਾਥੀ, ਜੋ ਵੀ ਮਨ ਨੂੰ ਭਾਉਂਦੇ ਨੇ । ਜੋ ਪ੍ਰਭ ਚਾਹੇ ਸੋਈ ਵਰਤੇ, ਸੋਈ ਜੀਵ ਕਮਾਉਂਦੇ ਨੇ । ਜੋ ਸਾਈਂ ਨੇ ਆਪਣੇ ਕੀਤੇ, ਜੋ ਪ੍ਰਵਾਨ ਕਹਾਉਂਦੇ ਨੇ । ਮਿਲਣਾ ਜੇਕਰ ਵੱਸੱਚ ਹੋਏ, ਕਿਉਂ ਵਿੱਛੜ ਦੁੱਖ ਪਾਉਂਦੇ ਨੇ । ਸੰਤਾਂ ਸੰਗਤ ਜਿਨ੍ਹਾਂ ਪ੍ਰਾਪਤ, ਖੁਸੀਆਂ ਨਿੱਤ ਮਨਾਉਦੇ ਨੇ । ਮਸਤਕ ਲੇਖ ਜਿਨ੍ਹਾਂ ਦੇ ਜਾਗੋ, ਜੀਵਨ ਸਫਲ ਬਣਾਉਂਦੇ ਨੇ ।

**ਭਾਵ ਅਰਥ :**

ਇਹ ਜੀਵ ਪਰਮਾਤਮਾ ਨਾਲੋਂ ਵਿੱਛੜਿਆ ਹੋਇਆ ਹੈ ਅਤੇ ਪਰਮਾਤਮਾ ਨਾਲ

ਮੁੜ ਮਿਲਾਪ ਹੀ ਇਸਦੀ ਅਸਲੀ ਮੰਜਲਿ ਹੈ। ਜਿਵੇਂ ਵਰਖਾ ਦੀ ਵਰਸ ਰਹੀ ਇਕ ਇਕ ਬਦ ਆਪਣੇ ਸਹੁ ਸਾਗਰ ਵਿੱਚ ਸਮਾਉਣ ਲਈ ਸਦਾ ਤਾਂਘਦੀ ਅਤੇ ਪ੍ਰਯਤਨਸੀਲ ਰਹਿੰਦੀ ਹੈ, ਤਿਵੇਂ ਹੀ ਮਨੁੱਖੀ ਜੀਵ ਨੂੰ ਵੀ ਆਪਣਾ ਕੁੱਲ ਜੀਵਨ ਪ੍ਰਭੂ ਦੀ ਯਾਦ = "ਸਾਸਿ ਸਾਸਿ ਸਿਮਰਹੁ ਗੋਬਿੰਦ, ਪ੍ਰਭੂ ਮਿਲਾਪ ਦੀ ਤਾਂਘਪ੍ਰਭ ਮੋਹਿ ਕਬ ਗਲਿ ਲਾਵਹਿਗੀ' ਅਤੇ ਪ੍ਰਭੂ ਮਿਲਾਪ ਦੇ ਯਤਨ ਝਖੜ ਭਾਗੀ ਮੀਂਹ ਵਰਸੋ ਭੀ ਗੁਰੂ ਦੇਖਣ ਜਾਈ" ਵਿੱਚ ਲੱਗ ਰਹਿਣਾ ਚਾਹੀਦਾ ਹੈ । ਅਤੇ ਉਟ ਆਸਰਾ ਉਸੇ ਪ੍ਰੀਤਮ ਦਾ ਹੀ ਤੱਕਣਾ ਚਾਹੀਦਾ ਹੈ, ਮਿਲਣ ਦੀ ਬਿਹਬਲਤਾ ਉਸ ਪ੍ਰਤੀ ਹੀ ਬਣਨੀ ਚਾਹੀਦੀ ਹੈ - ਜਿਸ ਅੱਗੇ ਕਿ ਸਾਡੇ ਲੋਕ ਪ੍ਰਸੰਕ, ਖੰਡ ਬ੍ਰਹਿਮੰਡ ਚੁੱਕ ਰਹੇ ਹਨ

'ਪਾਰਬ੍ਰਹਮ ਪੂਰਨ ਪਰਮੇਸੁਰ, ਮਨ ਤਾਕੀ ਓਟ ਰਹੀਜੈ ਰੇ ॥ ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾਕੋ ਨਾਮੁ ਜਪੀਜੈ ਰੇ ॥ (੨੦੯) ਕਥਾ- 'ਜਾ ਕੈ ਵਸਿ ਆਨ ਸੁਲਤਾਨ ॥ ਜਾ ਕੈ ਵਸਿ ਹੈ ਸਗਲ ਜਹਾਨ ॥
**ਜਾਕਾ ਕੀਆ ਸਭੁ ਕਿਛੁ ਹੋਇ ॥ ਤਿਸ ਤੇ ਬਾਹਰਿ ਨਾਹੀ ਕੋਇ ॥**
**ਕਹੁ ਥਨੰਤੀ ਅਪਨੇ ਸਤਿਗੁਰੁ ਪਾਹਿ ॥ ਕਾਜ ਤੁਮਾਰੇ ਦੇਇ ਨਿਬਾਹਿ ॥'** (੧੮੨

ਤਥਾ 'ਨਾਰਦ ਸੋ, ਚਨਨ ਸੋ, ਰੁਮਨਾ ਲਿਖ ਸੇ, ਸਭਹੂੰ ਮਿਲਿ ਗਾਇਓ ॥ ਬੇਦ ਕਤੇਬ ਨ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥ ਨ ਆਖਿਓ ॥ ਪਾਇ ਸਕੈ ਨਹੀ ਪਾਰ ਉਮਾਪਤਿ, ਸਿੱਧ ਜਨਾਥ ਸਨੋਡਨ ਧਿਆਇਓ ॥ ਧਿਆਨ ਧਰੋਂ ਤਿਹ ਕੇ ਮਨ ਮੈਂ, ਜਿਹਕ ਅਮਿਤੋਜ ਸਭੁ ਜਗੁ ਛਾਇਓ ॥ (ਅਕਾਲ ਉਸਤਤਿ)

ਹਰੀ ਪ੍ਰੀਤਮ ਨੂੰ ਇਸ ਲਈ ਸਿਮਰਨਾ ਹੈ, ਹਰੀ ਪ੍ਰੀਤਮ ਨੂੰ ਮਿਲਣ ਦੀ ਇਸ ਲਈ ਤਾਂਘ ਕਰਨੀ ਹੈ, ਕਿਉਂਕਿ ਉਸ ਪ੍ਰਭੂ ਦਾ ਜਾਪ ਉਸ ਪ੍ਰਭੂ ਦਾ ਸੰਗ ਸਾਥ ਸਾਨੂੰ ਮੰਦ ਸਕਤੀਆਂ ਤੋਂ ਬਚਾਈ ਰੱਖਦਾ ਹੈ; ਵਡੇ ਭਾਰੇ ਜਮਦੂਤ ਵੀ ਕਿਉਂ ਨਾ ਆ ਜਾਣ -- ਉਨ੍ਹਾਂ ਦੀ ਪ੍ਰਭੂ ਦੇ ਭਗਤ ਵੱਲ ਤੱਕਣ ਦੀ ਹਿੰਮਤ ਤੱਕ ਨਹੀਂ ਪੈਂਦੀ, ਬੁਰਾ ਤਾਂ ਕਿਸੇ ਕੀ ਕਰਨਾ ਹੈ 'ਨਿਵਰੋ ਦੂਤ ਦੁਸਟ ਬੈਰਾਈ, ਗੁਰ ਪੂਰੇ ਕਾ ਜਪਿਆ ਜਾਪੁ ॥

ਕਹਾ ਕਰੋ ਕੋਈ ਬੇਚਾਰਾ, ਪ੍ਰਭ ਮੇਰੇ ਕਾ ਬਡ ਪਰਤਾਪ ॥ (੮੨੩) ਤਥਾ- 'ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ ॥ ਚਉਗਿਰਦ ਹਮਾਰੈ ਰਾਮਕਾਰ, ਦੁਖੁ ਲਗੈ ਨ ਭਾਈ ॥' (੯੧੯)

ਤਥਾ- 'ਫਰੀਦਾ ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗ ॥ ਜੋ ਜਨ ਪੀਰਿ ਨਿਵਾਜਿਆ, ਤਿੰਨਾ ਅੰਚ ਨ ਲਾਗ ॥ (੧੩੮੨)

ਦਸਮ ਪਿਤਾ ਜੀ ਵੀ ਫੁਰਮਾਉਂਦੇ ਹਨ ਕਿ ਜਿਸਨੂੰ ਪਰਮੇਸਰ ਦੀ ਰਖਵਾਲੀ ਹੈ। ਕੋਈ ਉਸਦੇ ਪਰਛਾਵੇਂ ਨੂੰ ਵੀ ਨਹੀਂ ਛੋਹ ਸਕਦਾ। ਜਿਵੇਂ ਪ੍ਰਭੂ ਦੰਦਾਂ ਦੇ ਰਾਤ ਦਿਨ ਚੱਲਣ ਵਿੱਚ ਭੋਜਨ ਦੇ ਦੱਖਣ ਚਿੱਥਣ ਦੇ ਕਰਮ ਵਿੱਚ ਜੀਭਾਂ ਨੂੰ ਬਚਾ ਰਿਹਾ ਹੈ, ਤਿਵੇਂ ਹੀ ਉਹ ਦੋਖੀ ਜਨਾਂ ਦਾ ਨਾਸ ਕਰਦਾ ਹੈ ਅਤੇ ਆਪਣੇ ਭਗਤਾਂ ਦੀ ਹੱਥ ਦੇ ਕੇ ਰੱਖਿਆ ਕਰਦਾ ਹੈ, ਅਤੇ ਪ੍ਰਭੂ ਦਾ ਇਹ ਕਰਮ ਸੁਤੇ ਸਿੱਧ ਹੀ ਹੋਈ ਜਾ ਰਿਹਾ ਹੈ

**ਜਿਸਨੇ ਸਾਜਨ ਰਾਖਸੀ, ਦੁਸਮਨ ਕਵਣ ਬਿਚਾਰ ॥**

ਛੂ ਨ ਸਕੈ ਤਿਹ ਛਾਹਿ ਕੋ ਨਿਹਫਲ ਜਾਇ ਗਵਾਰ ॥ ਜੋ ਸਾਧੂ ਸਰਣੀ ਪਰੇ, ਤਿਨ ਕੋ ਕਵਨ ਬਿਚਾਰ ॥ ਦੰਤ ਜੀਭ ਜਿਮ ਰਾਖਿ ਹੈ, ਦੁਸਟ ਅਸਟ ਸੰਘਾਰ । (ਬਚਿਤ੍ਰ ਨਾਟਕ)

ਹਰੀ ਪਰਮੇਸਰ ਦਾ ਜਪਿਆ ਅਮੋਲਕ ਨਾਮ ਇਕ ਅਜਿਹਾ ਅਖੱਟ ਖਜਾਨਾ ਹੈ ਜਿਸਨੂੰ ਢੇਰ ਚੁਰਾ ਨਹੀਂ ਸਕਦੇ, ਡਾਕੂ ਲੁਟੇਰੇ ਲੁੱਟ ਨਹੀਂ ਸਕਦੇ, ਅਗਨੀ ਜਲਾ ਨਹੀਂ ਸਕਦੀ, ਜੁੱਲ ਡੁੱਬ ਨਹੀਂ ਸਕਦਾ, ਜੋ ਸਦਾ ਕਾਇਮ ਦਾਇਮ ਰਹਿੰਦਾ ਹੈ ਅਤੇ ਜਿਸਦਾ ਤੇਜ ਸਮੇਂ ਦੀ ਤੋਰ ਨਾਲ ਵੀ ਫਿੱਕਾ ਜਾਂ ਮਾਦਾ ਨਹੀਂ ਪੈਂਦਾ

ਅਗਨਿ ਨ ਦਹੈ, ਪਵਨੁ ਨਹੀ ਮਗਨੈ, ਤਸਕਰ ਨੇਰਿ ਨ ਆਵੈ ॥ ਰਾਮ ਨਾਮੁ ਧਨੁ ਕਰਿ ਸੰਚਉਨੀ, ਸੋ ਧਨੁ ਕਹੀ ਨ ਜਾਵੈ ॥ (੩੩੬)

ਏਕ ਨਿਹਚਲ ਨਾਮ ਧਨੁ, ਹੋਰ ਧਨੁ ਆਵੈ ਜਾਇ ॥ ਇਸੁ ਧਨ ਕਉ ਤਸਕਰੁ ਜੋਹਿ ਨ ਸਕਈ, ਨਾ ਓਚਕਾ ਲੈ ਜਾਇ ॥ ਇਹੁ ਹਰਿ ਧਨੁ ਜੀਐ ਸੋੜੀ ਰਵਿ ਰਹਿਆ, ਜੀਐ ਨਾਲੇ ਜਾਇ ॥ ਪੂਰੇ ਗੁਰ ਤੇ ਪਾਈਐ, ਮਨਮੁਖਿ ਪਲੈ ਨ ਪਾਇ ॥ ਧੰਨੁ ਵਾਪਾਰੀ ਨਾਨਕਾ, ਜਿਨ੍ਹਾਂ ਨਾਮ ਧਨੁ ਖਟਿਆ ਆਇ ॥ (੫੧੧)

ਇਹੁ ਜਗੁ ਵਾੜੀ, ਮੇਰਾ ਪ੍ਰਭੂ ਮਾਲੀ --ਅਸੀਂ ਇਹ ਜੋ ਰੰਗ ਤਮਾਸਾ ਦੇਖ ਰਹੇ ਹਾਂ, ਕੁਦਰਤ ਦੇ ਚੋਜ ਵੇਖ ਰੱਖ ਕੇ ਵਾਰੇ ਤੇ ਬਲਿਹਾਰ ਜਾ ਰਹੇ ਹਾਂਇਹ ਸਭ ਕਰਤੇ ਦੇ ਹੀ ਕੀਤੇ ਹੋਏ ਹਨ। ਇਹ ਫੁੱਲਾਂ ਦੀ ਨੈਣਾਂ ਨੂੰ ਨਸਿਆਂਦੀ ਰੰਗਤ ਤੇ ਮਨ ਨੂੰ ਮਹਿਕਾਂਦੀ ਖੁਸਬੂ ਅੰਬਾਂ ਦੇ ਬੂਟਿਆਂ ਉਤੇ ਚਹਿਕਦੀ ਤੇ ਟਹਿਕਦੀ ਕੋਇਲ ਦੀ ਕੂ ਕੂ, ਬੱਦਲਾਂ ਦੇ ਬਦਲਦ ਰੰਗ, ਸਾਗਰ ਦੀਆਂ ਲਹਿਰਾਂ ਦੀ ਉੱਚਾ ਹੋਰ ਉੱਚਾ ਉੱਠਣ ਦੀ ਉਮੰਗ, ਦਰਿਆਈ ਪਾਣੀਆਂ ਦੇ ਕੰਨਾਂ ਦੇ ਪੜਦਿਆਂ ਨੂੰ ਪਾੜਦੇ ਸੌਰ, ਸਾਵਣ ਦੇ ਮਹੀਨੇ ਘਨਘੋਰ ਘਟਾਵਾਂ ਨੂੰ ਤੱਕ ਕੇ ਖੁਸੀ ਵਿੱਚ ਝੂਮਦੇ ਤੇ ਪੈਲਾਂ ਪਾ ਰਹੇ ਮੋਰ, ਆਕਾਸ ਛੋਂਹਦੇ ਪਰਬਤਾਂ ਉੱਤੇ ਬਰ ਦੀ ਪੈ ਰਹੀ ਫੁਹਾਰ, ਸੰਨ ਸੁਨਹਿਰੀ ਵਾਦੀਆਂ ਵਿੱਚ ਕੈਕਟਸਾਂ ਦੀ ਖਿੜੀ ਹੋਈ ਗੁਲਜਾਰ ਫਲਦਾਰ ਪੌਦਿਆਂ ਤੋਂ ਪੈ ਰਿਹਾ ਬੁਰ, ਜਵਾਨ ਜਹਾਨ ਗੱਭਰੂਆਂ ਤੋਂ ਮੁਟਿਆਰਾਂ ਦੇ ਅੰਡ ਅੰਗ ਵਿਚ ਫੁੱਟ ਰਿਹਾ ਸਰੂਰ, ਹਰੀ ਦੇ ਨਾਮ ਰੰਗ ਵਿੱਚ ਰੁੱਤੇ ਭਗਤਾਂ ਦੇ ਚਿਹਰਿਆਂ ਤੋਂ ਝਲਕਾਂ ਮਾਰ ਰਿਹਾ ਨੂਰਾਨੀ ਨੂਰ ਇਹ ਸਭ ਕਾਦਰ ਕਰਤਾਰ ਦੀ ਹੀ ਖੇਡ ਹੈ

'ਆਪੇ ਪੁਰਖੁ ਆਪੇ ਹੀ ਨਾਰੀ ॥ ਆਪੇ ਪਾਸਾ ਆਪੇ ਸਾਰੀ ॥ ਆਪੇ ਪਿੜ ਬਾਧੀ ਜੰਗ ਬੋਲੇ, ਆਪੇ ਕੀਮਤਿ ਪਾਈ ਹੇ ॥

ਆਪੇ ਭਵਰੁ ਫੁਲੁ ਫਲੁ ਤਰਵਰੁ ॥ ਆਪੇ ਜਲੁ ਥਲੁ ਸਾਗਰੁ ਸਰਵਰੁ ॥ ਆਪੇ ਮਛੁ ਕਛੁ ਕਰਣੀਕਰੁ, ਤੇਰਾ ਰੂਪੁ ਨ ਲਖਣਾ ਜਾਈ ਹੇ । (੧੦੨੦)

**ਸ੍ਰੀ ਕਲਗੀਧਰ ਪਾਤਸਾਹ ਜੀ ਵੀ ਬਚਿਤ੍ਰ ਨਾਟਕ ਵਿੱਚ ਫੁਰਮਾਂਦੇ ਹਨ**

ਕਹੂੰ ਵਲ ਹੂੰ ਕੇ, ਭਲੇ ਰਾਜ ਫੂਲੇ ॥ ਕਹੂੰ ਭਵਰ ਹੋ ਕੇ ਭਲੀ ਭਾਂਤਿ ਭੂਲੇ ॥ ਕਹੁ ਪਵਨ ਹੈ ਕੇ ਬਹੇ ਬੰਗਿ ਐਸੇ ॥ ਕਹੈ ਮੋ ਨ ਆਵੈ ਕਥਾ ਤਾਹਿ ਕੈਸੇ ॥ ਯਹੂੰ ਨਾਦ ਹੋ ਕੇ ਭਲੀ ਭਾਂਤਿ ਬਾਜੇ ॥ ਕਹੂੰ ਪਾਰਟੀ ਹੈ ਪਰੋ ਥਾਨ ਰਾਜੇ ॥ ਕਹੂ ਮਿਗ ਹੋ ਕੇ ਭਲੀ ਭਾਂਤਿ ਮੋਹੁ ॥ ਕਹੁ ਕਾਮੁਕੀ ਜਿਉ ਧਰ ਰੂਪ ਸਹੋ ॥ ਨਹੀਂ ਜਾਨ ਜਾਈਂ, ਕਛੂ ਰੂਪ ਰੇਖੰ ॥ ਕਹਾ ਬਾਸ ਤਾ ਕੋ ਫਿਰੈ ਕਉਨ ਭੇਖੰ ॥ ਕਹਾ ਨਾਮ ਤਾ ਕੋ ਕਹਾ ਕੇ ਕਹਾਵੈ ॥ ਕਹਾ ਮੈਂ ਬਖਾਨ, ਕਰੋ ਮੋ ਨ ਆਵੈ ॥

ਵਰਤੈ ਸਭੁ ਕਿਛੁ ਤੇਰਾ ਭਾਣਾ" ਇਹ ਜੋ ਕੁਝ ਵੀ ਸੰਸਾਰ ਵਿੱਚ ਵਾਪਰਦਾ ਰਿਹਾ ਹੈ, ਵਾਪਰ ਰਿਹਾ ਹੈ ਜਾਂ ਭਵਿੱਖ ਵਿੱਚ ਵਾਪਰਵਾ- ਇਹ ਸਭ ਉਸੇ ਦਾ ਹੁਕਮ ਹੈ

1 ਸਕਿਾਰੀ ਸੁੰਦਰ ਇਸਤ੍ਰੀ ਤੇ, ਨਿਵਾਸ, ਟਿਕਾਣਾ

ਪਰਮੇਸਰ ਦੇ ਹੁਕਮ ਬਿਨਾਂ ਤਾਂ ਇਕ ਪੱਬਾਂ ਵੀ ਨਹੀਂ ਹਿੱਲ ਸਕਦਾ । ਅਤੇ ਦੁਨਿਆਦੀ ਜੀਵ ਜੋ ਕੁਝ ਕਰ ਰਹੇ ਹਨ - ਇਹ ਵੀ ਸਭ ਉਸਦੇ ਹੁਕਮ ਅੰਦਰ ਹੀ ਹੋ ਰਿਹਾ ਹੈ। ਗੁਰਬਾਣੀ ਦੇ ਪਵਿੱਤਰ ਕੁਰਮਾਨ ਹਨ

**ਹੁਕਮੈ ਅੰਦਿਰ ਸਭੁ ਕੋ, ਬਾਹਰਿ ਹੁਕਮ ਨ ਕੋਇ**

ਤਥਾ- 'ਤੇ ਆਪੇ ਕਰਤਾ, ਤੇਰਾ ਕੀਆ ਸਭੁ ਹੋਇ ॥ ਧੁ ਬਿਨੁ ਦੂਜਾ ਅਵਰੁ ਨ ਕੋਇ ॥ (੧੨) ਤਥਾ ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥

ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਰਹੁ ਸੋਈ ਮਹਿ ਕਰਨਾ ॥(੧੯੫) ਤਥਾ --- ਜੀਅ ਜੰਤ ਸਭਿ ਤੁਧਿ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ ਸਭ ਕਿਛੁ ਕੀਤਾ ਤੇਰਾ ਹੋਵੇ, ਨਾਹੀ ਕਿਛੁ ਅਸਾੜਾ ਜੀਉ ॥ (੧੦੩)

ਤਥਾ-ਕੀਤਾ ਕਰਣਾ ਸਰਬ ਰਜਾਈ, ਕਿਛੁ ਕੀਚੈ ਜੋ ਕਰਿ ਸਕੀਐ ॥ ਆਪਣਾ ਕੀਤਾ ਕਿਛੂ ਨ ਹੋਵੈ, ਜਿਉ ਹਰਿ ਭਾਵੈ ਤਿਉ ਰਖੀਐ ॥ ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥

ਅਸਾ ਜੋਰੁ ਨਾਹੀ ਕਿਛੁ ਕਰਿ ਹਮ ਸਾਕਹ, ਜਿਉ ਭਾਵੈ ਤਿਵੈ ਬਖਸਿ ॥ ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ, ਜੇਹਾ ਤੁਧੁ ਧੁਰਿ ਲਿਖਿ ਪਾਇਆ ॥

(੭੩੬) ਜਿਨ੍ਹਾਂ ਭਾਗਸਾਲੀ ਜੀਵਾਂ ਤੋਂ ਪ੍ਰਭੂ ਪ੍ਰਮਾਤਮਾ ਦੀ ਮਿਹਰ ਹੋ ਜਾਂਦੀ ਹੈ, ਅਥਵਾ ਜਿਨ੍ਹਾਂ ਨੂੰ ਉਹ ਆਪਣੇ ਬਣਾ ਲੈਂਦਾ ਹੈਤਿਨ੍ਹਾਂ ਦੀ ਸੋਭਾ ਉਚੀ, ਅਤਿ ਊਚੀ ਹੋ ਜਾਂਦੀ ਹੈ, ਲੋਕ ਪਰਲੋਕ ਵਿਚ ਤਿਨ੍ਹਾਂ ਦੀ ਜੈ ਜੈ ਕਾਰ ਹੁੰਦੀ ਅਤੇ ਇਹ ਜੀਵ ਹਰ ਥਾਂ ਸਤਿਕਾਰੇ ਤੋਂ ਪਿਆਰੇ ਜਾਂਦੇ ਹਨ --

ਜਿਸੁ ਨੀਚ ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹ ਚਹੁਕੰਟ ਮਾਨੈ ॥ (੩੮੬) ਤਬਾ=ਬਿੰਗੁਲ ਪਰਬਤ ਪਾਰਿ ਪਰੋ, ਖਲ ਚ ਬਕੀਤਾ ॥

ਅੰਧੁਲੇ ਤ੍ਰਿਭਵਣ ਸੂਝਿਆ, ਗੁਰੁ ਭੇਟਿ ਪੁਨੀਤਾ ॥ ਮਹਿਮਾ ਸਾਧੂ ਸੰਗ ਕੀ, ਸੁਨਹੁ ਮੇਰੇ ਮੀਤਾ ॥ ਮੇਲੁ ਪਈ ਕੋਟਿ ਅਘਿ ਹਰੇ, ਨਿਰਮਲ ਭਏ ਚੀਤਾ ॥ਰਹਾਉ॥ ਐਸੀ ਭਗਤਿ ਗੋਬਿੰਦ ਕੀ, ਕੀਤੀ ਹਸਤੀ ਜੀਤਾ ॥ ਜੋ ਜੋ ਕੀਨੇ ਆਪਣੇ ਤਿਸੁ ਅਭੈ ਦਾਨੁ ਦੀਤਾ ॥ ਸਿੰਘ ਬਿਲਾਈ ਹੋਈ ਗਇਓ ਤ੍ਰਿਣੁ ਮੇਰੁ ਦਿਖੀਤਾ ॥ ਸ੍ਰਮੁ ਕਰਤੇ ਦਮ ਆਦਿ ਕਉ, ਤੇ ਗਨੀ ਪੁਨੀਤਾ ॥

ਕਵਨ ਵਡਾਈ ਕਹਿ ਸਕਉ, ਬੇਅੰਤ ਗੁਨੀਤਾ ॥ (੮੦੯ ੮੧੦)

ਅਰਥਾਤਗੁਰੂ ਦੀ ਕ੍ਰਿਪਾ ਨਾਲ ਪਿੰਗਲੇ ਪਰਬਤਾਂ ਤੇ ਚੜਨ ਦੇ ਸਮਰੱਥ ਹੋ ਜਾਂਦੇ ਹਨ, ਮੂੜ ਬੰਦੇ ਚ ਵਿਆਖਿਆਕਾਰ ਬਣ ਜਾਂਦੇ ਹਨ, ਅੰਨਿਆਂ ਨੂੰ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ । ਭਗਤੀ ਦੀ ਸਕਤੀ ਨਾਲ ਕੀੜੀਆਂ ਹਾਥੀ ਤੇ ਫਤਹ ਪਾ ਸਕਦੀਆਂ ਹਨ, ਬਿੱਲੀਆਂ ਵਿੱਚ ਸੇਰ ਜਿੰਨੀ ਤਾਕਤ ਆ ਜਾਂਦੀ ਹੈ, ਤਿਨਕੇ ਪਹਾੜ ਰੂਪ ਹੋ ਜਾਂਦੇ ਹਨ, ਦਮੜੀ ਦਮੜੀ ਲਈ ਪਸੀਨਾਂ ਵਰਾਣ ਵਾਲੇ ਮੁਸੱਕਤੀ ਅਥਾਹ ਮਾਇਆ ਦੇ ਮਾਲਕ ਬਣ ਜਾਂਦੇ ਹਨ, ਆਦਿ ।

ਅਤੇ ਗੁਰਬਾਣੀ ਦੇ ਇਹ ਵਿਚਾਰ ਮਹਿਜ ਕਾਵਿ ਉਡਾਰੀਆਂ ਬਿਲਕੁਲ ਨਹੀਂ ਹਨ, ਇਤਿਹਾਸ ਵਿੱਚ ਅਸੀਂ ਇਨ੍ਹਾਂ ਨੂੰ ਇੰਨ ਬਿੰਨ ਸਾਕਾਰ ਰੂਪ ਵਿੱਚ ਵੇਖ ਸਕਦੇ ਹਾਂ । ਮਿਸਾਲ ਵਜੋਂ ਪੰਜਾਬ ਵਿਖੇ ਸ੍ਰੀ ਗੁਰੂ ਹਰਿਕ੍ਰਿਸਨ ਜੀ ਦੀ ਮਿਹਰ ਨਾਲ ਅਨਪੜ੍ਹ ਛੱਜੂ ਨੇ ਲਾਲ ਜੀ ਨਾਮਕ ਇਕ ਪੰਡਤ ਨੂੰ ਗੀਤਾ ਦੇ ਅਰਥ ਸੁਣਾ ਕੇ ਨਿਰੁੱਤਰ ਕਰ ਦਿਤਾ ਸੀ, ਸ੍ਰੀ ਦਸਮੇਸ ਪਿਤਾ ਜੀ ਦੇ ਸਮੇਂ ਗੁਰੂ ਜੀ ਦੇ ਘੋੜਿਆਂ ਦੇ ਘਾਹੀ ਭਾਈ ਧੰਨਾ ਸਿੰਘ ਨੇ ਆਪਣੀ ਕਾਵਿ ਕੁਸਲਤਾ ਨਾਲ ਕਹਿੰਦੇ ਕਹਾਉ ਚੰਦਨ ਕਵੀ ਨੂੰ ਚੱਕਰਾਂ ਵਿੱਚ ਪਾ ਦਿੱਤਾ ਸੀ ਭਾਈ ਬਚਿੱਤਰ ਸਿੰਘ ਦਾ ਮਸਤ ਖੂਨੀ ਹਾਥੀ ਨਾਲ ਟਕਰਾਣਾ, ਇਸਦੇ ਭਰਾਤਾ ਭਾਈ ਉਦੈ ਸਿੰਘ ਦਾ ਰਾਜਪੂਤ ਰਾਜੇ ਕੇਸਰੀ ਚੰਦ ਜਸਵਾਲੀਏ ਨਾਲ ਦਸਤ - ਪੰਜਾ ਲੈਣਾ, ਭੰਗਾਣੀ ਦੇ ਜੰਗ ਵਿੱਚ ਕ੍ਰਿਪਾਲ ਚੰਦ ਉਦਾਸੀ ਦਾ ਕੁਤਕੇ ਨਾਲ ਹੀ ਸੈਨਾਪਤੀਆਂ ਦੇ ਸਿਰਾਂ ਦੇ ਮਟਕੇ ਫੋੜਨਾ, ਚਮਕੌਰ ਦੀ ਜੰਗ ਵਿੱਚ ਭੁੱਖਣ ਭਾਣੇ ਚਾਲੀ ਸਿੰਘਾਂ ਦਾ ਦਸ ਲੱਖ ਦੀ ਸਾਹੀ ਫੌਜ ਨਾਲ ਮੁਕਾਬਲਾ ਕਰਨਾ, ਸ੍ਰ. ਬਘੇਲ ਸਿੰਘ ਦਾ ਦਿੱਲੀ ਫਤਹ ਕਰਨਾ, ਸ੍ਰੀ ਕਲਗੀਧਰ ਜੀ ਦੇ ਸਪੂਤ ਮਹਾਰਾਜਾ ਰਣਜੀਤ ਸਿੰਘ ਵਲੋਂ ਉੱਤਰੀ ਭਾਰਤ ਵਿੱਚ ਮਹਾਨ ਖਾਲਸਾ ਰਾਜ ਸਥਾਪਤ ਕਰਨਾ, ਸਾਰਾਗੜੀ ਦੇ ਮੁਕਾਮ ਤੇ ੨੧ ਸਿੰਘਾਂ ਵਲੋਂ ਹਜਾਰਹਾਂ ਦੀ ਤਾਦਾਦ ਵਿੱਚ ਚੜ ਕੇ ਆਏ ਕਬਾਇਲੀਆਂ ਨਾਲ ਟੱਕਰ ਲੈਣਾ, ਪੰਜਾ ਸਾਹਿਬ ਵਿਖੇ ਕੁਝ ਸਿੰਘਾਂ ਵਲੋਂ ਆਪਣੀ ਪਾਵਨ ਰੱਤ ਡੁੱਹਲ ਕੇ ਫੁੱਲ ਸਪੀਡ ਤੋਂ ਆ ਰਹੀ ਗੱਡੀ ਦੇ ਪਹੀਏ ਜਾਮ ਕਰਨਾ ਆਦਿ ਘਟਨਾਵਾਂ ਕਰਾਮਾਤਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ।

ਪ੍ਰੰਤ ਇਤਨੀ ਗੱਲ ਜਰੂਰ ਹੈ ਕਿ ਇਹ ਸਿਫਤ ਸਲਾਹੁਤਾ ਜਾਂ ਸਫਲਤਾ ਕੋਈ ਦਰਖਤਾਂ ਨਹੀਂ ਨੂੰ ਲੱਗਦੀ ਕਿ ਜਦੋਂ ਚਾਹੀਏ ਤੋੜ ਲਵਾਂਗੇ ਜਾਂ ਦੁਕਾਨਾਂ ਤੇ ਨਹੀਂ ਮਿਲਦੀ ਕਿ ਜਦੋਂ ਇੱਛਾ ਕਰੀਏ ਖਰੀਦ ਲਵਾਂਗੇ । ਧੰਨਤਾ ਦੇ ਯੋਗ ਬਣਨ ਲਈ ਪ੍ਰਭੂ-ਪਰਾਇਣ ਜਰੂਰੀ ਹੋਣਾ ਪਵੇਗਾ, ਪ੍ਰਭੂ ਦੀ ਬਖਸਸਿ ਦੇ ਪਾਤਰ ਬਣਨ ਲਈ, ਦਰ ਘਰ ਪਹੁੰਚਣ ਲਈ-ਨਾਮ ਬਾਣੀ ਦੀ ਟੇਕ ਲਾਜਮੀ ਲੈਣੀ ਪਵੇਗੀ । ਜੇਕਰ ਇਹ ਸੋਆਂ ਸਿਫਾਰਸਾਂ ਨਾਲ ਮਿਲਦੀਆਂ ਹੋਣ, ਕਿਸੇ ਦੀ ਆਪਣੀ ਪਹੁੰਚ ਜਾਂ ਤਾਕਤ ਨਾਲ ਨਸੀਬ ਹੋ ਸਕਦੀਆਂ ਹੋਣ ਤਾਂ ਫਿਰ ਪਰ । ਪ੍ਰੀਤਮ ਤੋਂ ਵਿੱਛੜ ਕੇ ਤੇਰਾ ਜਾਂ ਦੁੱਖ ਹੀ ਕਿਉਂ ਹੋਵੇ ? ਇਹ ਤਰਲੇ ਮਿੰਨਤਾਂ ਕਰਨ ਦੀ ਲੜ ਹੀ ਕਿਉਂ ਪਵੇ

ਹਾ ਹਾ ਪ੍ਰਭ ਰਾਖਿ ਲਹੁ ॥ ਹਮ ਤੇ ਕਿਛੁ ਨ ਹੋਇ ਮੇਰੇ ਸਾਮੀ, ਕਰਿ ਕਿਰਪਾ ਅਪਨਾ ਨਾਮ ਦੇਹ ॥ ੬੭੫

ਕਰਨੀ ਪਵੇਗੀ, ਤਪੱਸਿਆ ਕਰਨੀ ਪਵੇਗੀ, ਤਿਆਗ ਕਰਨਾ ਪਵੇਗਾ। ਵਰਾਂਗ ਕਰਨਾ ਪਵੇਗਾ । ਗੁਰਬਾਣੀ ਪੜ੍ਹੋ ਤੇ ਵਿਚਾਰੋ, ਗੁਰਬਾਣੀ ਸਾਨੂੰ ਰਾਹ ਵਿਖਾਂਦੀ ਹੈ

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥

ਪਾਇ ਲਗਉ ਮੋਹਿ ਕਰਉ ਬੇਨਤੀ, ਕੋਊ ਸੰਤੁ ਮਿਲੈ ਵਡਭਾਗੀ ॥ਰਹਾਉ॥ ਮਨੁ ਅਰਪਉ ਧਨੁ ਰਾਖਉ ਆਗੇ, ਮਨ ਕੀ ਮਤਿ ਮੋਹਿ ਸਗਲ ਤਿਆਗੀ ॥ ਜੋ ਪ੍ਰਭ ਕੀ ਹਰਿ ਕਥਾ ਸੁਨਾਵੈ, ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ ਪੂਰਬ ਕਰਮ ਅੰਕ੍ਰ ਜਬ ਪ੍ਰਗਟੋ, ਭੇਟਿਓ ਪੁਰਖੁ ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ, ਜਨਮ ਜਨਮ ਕੀ ਸੋਈ ਜਾਗੀ ॥੨੦੪)

ਜਿਸਦੇ ਮਨ ਵਿੱਚ ਪ੍ਰਤੀ ਦਰਸਨ ਦੀ ਪਿਆਸ ਲੱਗ ਜਾਂਦੀ ਹੈ, ਉਹ ਮੋਹ ਮਾਇਆ ਦੇ ਬੰਧਨਾਂ ਤੋਂ ਮੁਕਤ ਹੋਣ ਦੇ ਆਹਰ ਵਿੱਚ ਵੀ ਲੱਗ ਜਾਂਦਾ ਹੈ ਅਤੇ ਉੱਠਦਾ-ਬੈਠਦਾ ਸੌਂਦਾ ਜਾਗਦਾ ਇਕ ਨਿਰੰਕਾਰ ਦੀ ਲਿਵ ਵਿੱਚ ਹੀ ਲਿਵਲੀਨ ਰਹਿਣ ਲੱਗਦਾ ਹੈ । ਉਹ ਜੀਵ ਕਾ ਧਨ ਦੀਆਂ ਭਾਰੀਆਂ ਪੰਡਾਂ ਨੂੰ ਸਿਰੋਂ ਲਾਹ ਕੇ ਨਾਮ ਰੂਪੀ 'ਸਾਚਾ ਧਨ ਜਿਸਨੇ ਕਿ ਅਗਲੇ ਪੈਂਡਿਆਂ ਵਿੱਚ ਸਹਾਈ ਹੋਣਾ ਹੈ, ਇਕੱਠਾ ਕਰਨ ਦੇ ਯਤਨ ਵਿੱਚ ਜੁਟ ਜਾਂਦਾ ਹੈ। ਭਗਤ ਕਬੀਰ ਜੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਐਸਾ ਜੀਵ, ਜਿਸਨੂੰ ਪ੍ਰੀਤਮ ਦੇ ਦਰਸਨਾਂ ਦੀ ਪਿਆਸ ਲੱਗ ਜਾਂਦੀ ਹੈ ਉਹ ਤਾਂ ਜਿਉਂਦਿਆਂ ਵਿੱਚ ਵੀ ਸੁਮਾਰ ਨਹੀਂ ਹੁੰਦਾ, ਅਤੇ ਜੇਕਰ ਜਿਉਂਦਾ ਦਿੱਸਦਾ ਵੀ ਹੈ ਤਾਂ ਇੰਜ ਜਿਵੇਂ ਕੋਈ ਦਿਵਾਨਾ ਜਾਂ

ਬਉਰਾਨਾ ਹੋਵੇ

ਕਬੀਰ ਬਿਰਹੁ ਭੁਯੰਗਮ ਮਨਿ ਬਸੈ ਮੰਤੁ ਨ ਮਾਨੈ ਕੋਇ ॥ ਰਾਮ ਬਿਓਗੀ ਨਾ ਜੀਐ, ਜੀਐ ਤ ਬਉਰਾ ਹੋਇ ॥' (੧੩੬੮)

ਸੈਕਸਪੀਅਰ ਨੇ ਇਸ ਦੁਨੀਆਂ ਨੂੰ ਇਕ 'ਸਟੇਜ' ਕਿਹਾ ਹੈ ਜਿਥੇ ਕਿ ਦੁਨਿਆਵੀ ਜੀਵ ਆਪੋ ਆਪਣਾ ਪਾਰਟ ਕਰਨ ਲਈ ਹੁੰਦੇ ਹਨ ਅਤੇ ਕਰਕੇ ਹੀ ਜਾ ਰਹੇ ਹਨ । ਗੁਰਬਾਣੀ ਵਿੱਚ ਤਾਂ ਮਨੁੱਖੀ ਜੀਵਨ ਨੂੰ 'ਪਾਣੀ ਦੇ ਬਲਬੁਲੇ', 'ਚੇਤ ਦੇ ਘਰ', 'ਨਦੀ ਕਿਨਾਰੇ ਰੁੱਖ, ਅਤੇ 'ਜਰਜਰੀ ਕਿਸਤੀ ਆਦਿ ਦੀ ਤੁਲਨਾ ਦਿੱਤੀ ਗਈ ਹੈ ਜਿਸਦੀ ਜੰਿਦਗੀ ਦਾ ਦੇ ਪਲ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ । ਅਤੇ ਜਦੋਂ ਪਤਾ ਹੈ ਕਿ ਸਾਡਾ ਇਹ ਜੀਵਨ ਛਿਨ ਭੰਗਰ ਹੈ, ਇਸ ਸੰਸਾਰ ਵਿੱਚ ਸਾਡੀ ਹੋਂਦ ਸਦੀਵੀ ਨਹੀਂ, ਇਕ ਸਰਾਂ ਵਿੱਚ ਰਾਤ ਕੱਟਣ ਵਾਂਗ ਆਪਣੇ ਮੁਕਰਰਾ ਦਿਨ ਬਿਤਾਕੇ ਅਗਲੇ ਰਾਹ ਟੁਰਨਾ ਹੀ ਪੈਣਾਂ ਹੈ ਤਾਂ ਫਿਰ ਕਿਉਂ ਨਹੀਂ ਇਨ੍ਹਾਂ ਘੜੀਆਂ ਦੇ ਇਕ ਇਕ ਛਿਨ, ਇਕ ਇਕ ਪਲ ਦਾ ਲਾਭ ਉਠਾਇਆ ਜਾਂਦਾ, ਅਸੀਂ ਸਭ ਕੁਝ ਜਾਣਦੇ ਵੀ ਅਸਲੀਅਤ ਤੋਂ ਕਿਉਂ ਕੰਨਾਂ ਘੇਸਲ ਮਾਰੀ ਬੈਠੇ ਹਾਂ ਅਤੇ ਕਿਉਂ ਮੋਹ ਮਾਇਆ ਵਿੱਚ ਉਲਝ ਕੇ ਅਮੋਲਕ ਜੀਵਨ ਨੂੰ ਕੌਡੀਆਂ ਦੇ ਭਾਅ ਰੌਲ

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥ ਲਗਾ ਕਿਤੁ ਕੁਫਕੜੇ, ਸਭ ਮੁਕਦੀ ਚਲੀ ਰੈਣਿ ॥

ਗੁਰਬਾਣੀ ਪੁਕਾਰ ਪੁਕਾਰ ਕੇ ਕਹਿ ਰਹੀ ਹੈਂ

ਜੈਸੇ ਰੈਣਿ ਪਰਾਹੁਣੇ, ਉਠਿ ਚਲਸਹਿ ਪਰਭਾਤਿ ॥ ਕਿ ਤੂੰ ਰਤਾ ਦੁਨੀ ਸਿਉ, ਸਭ ਫੁਲਾਂ ਕੀ ਬਾਗਾਤਿ ॥ ਮੇਰੀ ਮੇਰੀ ਕਿਆ ਕਰਹਿ, ਜਿਨਿ ਦੀਆ ਸੋ ਪ੍ਰਭੁ ਲੋੜਿ ॥ ਸਰਪਰ ਉਠੀ ਚਲਣਾ, ਛਡਿ ਜਾਸੀ ਲਖ ਕਰੋੜਿ ॥ ਲਖ ਚਉਰਾਸੀਹ ਭ੍ਰਮਤਿਆ, ਦੁਲਭ ਜਨਮ ਪਾਇਓਇ ॥ ਨਾਨਕ ਨਾਮੁ ਸਮਾਲਿ ਤੂੰ, ਸੋ ਦਿਨੁ ਨੇੜਾ ਆਇਓਇ ॥' (੫੦) ਗੱਡੀ-ਮੋਟਰ ਦੇ ਸਫਰ ਵਾਂਗ ਜੰਿਦਗੀ ਦੇ ਸਫਰ ਵਿੱਚ ਵੀ ਉਹੀ ਜੀਵ ਸੌਖੇਂ

ਰਹਿੰਦੇ ਹਨ ਜੋ ਆਪਣੀ ਪੰਡ ਹਲਕੀ ਰੱਖਦੇ ਹਨ ਅਤੇ ਰਾਹ ਵਿੱਚ ਮਦਦਗੀਰ ਸਾਬਤ ਹੋਣ ਵਾਲੀਆਂ ਵਸਤਾਂ ਨੂੰ ਹੀ ਪੱਲੇ ਬੰਨ੍ਹਦੇ ਹਨ

'ਪੰਡਿਤ ਇਸ ਮਨ ਕਾ ਕਰਹੁ ਬੀਚਾਰੁ ॥

ਅਵਰੁ ਕਿ ਬਹੁਤਾ ਪੜ੍ਹਿ ਉਠਾਵਹਿ ਭਾਰੁ ॥ (੧੨੬੧)

ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿੱਚ ਫੁਰਮਾਨ ਕਰਦੇ ਹਨ ਕਿ ਇਹ ਧਨ ਦੀਆਂ ਗੰਢਾਂ ਜਿਨ੍ਹਾਂ ਨੂੰ ਤੂੰ ਰਾਤ ਦਿਨ ਜੋੜਨ ਵਿੱਚ ਲੱਗਾ ਹੋਇਆ ਹੈ, ਇਨ੍ਹਾਂ ਨੇ ਬਿਲਕੁਲ ਤੇਰੇ ਨਾਲ ਨਹੀਂ ਜਾਣਾ

ਸੰਗਿ ਨ ਚਾਲਸਿ ਤੇਰੈ ਧਨਾ ॥

ਤੂੰ ਕਿਆ ਲਪਟਾਵਹਿ ਮੂਰਖ ਮਨਾ ॥ (੨੮੮)

ਅਗਲੇ ਸਫਰ ਵਿੱਚ ਤਾਂ ਹਰੀ ਨਾਮ ਨੇ ਹੀ ਤੇਰਾ ਸਹਾਈ ਹੋਣਾ ਹੈ, ਪ੍ਰੰਤੂ ਵਿਚਲ ਹੀ ਇਸ ਗੁਹਜ ਨੂੰ ਸਮਝ ਸਕੇ ਹਨ

ਹਰਿ ਧਨੁ ਸਚੀ ਰਾਸਿ ਹੈ, ਕਿਨੈ ਵਿਰਲੇ ਜਾਤਾ ॥ (੩੧੯)

ਤਥਾ- "ਕਾਚਾ ਧਨੁ ਸੰਚਹਿ ਮੂਰਖ ਗਵਾਰ ॥ ਮਨਮੁਖ ਭੂਲੇ ਅੰਧ ਗਵਾਰ ॥ ਬਿਖਿਆ ਕੇ ਧਨਿ ਸਦਾ ਦੁਖੁ ਹੋਇ ॥ ਨ ਸਾਥਿ ਜਾਇ ਨ ਪਰਾਪਤਿ ਹੋਇ ॥ ਸਾਚਾ ਧਨੁ ਗੁਰਮਤੀ ਪਾਇ ॥ ਕਾਚਾ ਧਨੁ ਫੁਨਿ ਆਵੈ ਜਾਇ ॥ (੬੬੫)

ਅਤੇ ਜਦੋਂ ਸਾਨੂੰ ਪਤਾ ਲੱਗ ਗਿਆ ਹੈ ਕਿ ਹਰੀ ਪਰਮੇਸਰ ਦੇ ਜਪੇ ਨਾਮ ਨੇ ਹੀ ਪਰਲੋਕ ਵਿੱਚ ਸਹਾਈ ਹੋਣਾ ਹੈ ਤਾਂ ਕਿਉਂ ਨਹੀਂ ਝੂਠੇ ਰਸਾਂ ਕਸਾਂ ਨੂੰ ਤਿਆਗ ਕੇ, ਅਤੇ ਮੋਹ ਮਾਇਆ ਦੀ ਕੂੜੀ ਪ੍ਰੀਤੀ ਤੋਂ ਪਿੱਛਾ ਛੁਡਾ ਕੇ ਅਸੀਂ ਸਵਾਸ ਸਵਾਸ ਨਾਮ ਸਿਮਰਨ ਲਈ ਜੁਟਦੇ । ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦਾ ਨਾਮ ਤਾਂ ਅਸੀਂ ਸਿਮਰਦੇ ਨਹੀਂ ਅਤੇ ਫਿਰ ਆਪਣੇ ਭਾਗਾਂ ਨੂੰ ਕੋਸਦੇ ਹਾਂ, ਸਾਨੂੰ ਸਿਆਣਾ ਕੌਣ ਕਰੇਗਾ

'ਹਰ ਰਾਤ ਕੇ ਪਿਛਲੇ ਪਹਰੇ ਮੈਂ, ਇਕ ਦੌਲਤ ਲੁਟਤੀ ਰਹਿਤੀ ਹੈ, ਜੋ ਜਾਗਤ ਹੈਂ ਸੋ ਪਾਵਤ ਹੈਂ, ਜੋ ਸੰਤੇ ਹੈਂ - ਸੌ ਖੇਤੇ ਹੈ ।

ਦਰਅਸਲ ਕਿਸਮਤ ਕਿਸੇ ਦੀ ਵੀ ਮਾੜੀ ਨਹੀਂ ਹੁੰਦੀ-ਹਾਂ, ਇਸਨੂੰ ਜਗਾਉਣ ਲਈ ਕਈ ਵੇਰ ਪਰੀਸਰਮ ਆਵੱਸ ਕਰਨਾ ਪੈਂਦਾ ਹੈ । ਭਗਤ ਭੀਖਾ ਜੀ ਦਾ ਵੀ ਕਥਨ ਹੈ

'ਭੀਖਾ ਖਾ ਕੇ ਨਹੀਂ, ਸਭ ਕੀ ਗਠੜੀ ਲਾਲ । ਗਾਂਠ ਖੋਲ੍ਹ ਨਹੀਂ ਦੇਖਤੋ, ਤਾ ਬਿਧਿ ਭਇਓ ਕੰਗਲ

ਇਸ ਲਈ ਗੁਰੂ ਕੇ ਪਿਆਰਿਓ ! ਜਾਗੋ !! ਮੋਹ ਮਾਇਆ ਦੀ ਪ੍ਰੀਤ ਨੂੰ ਤਿਆਗੋ, ਹਰੀ ਨਾਮ ਰੰਗਿ ਲਾਗੋ ਅਤੇ ਸੇਵਾ-ਸਿਮਰਨ, ਦਯਾ ਧਰਮ ਅਤੇ ਪਰਉਪਕਾਰ ਆਦਿ ਸੁਭ ਗੁਣਾਂ ਨੂੰ ਧਾਰ ਕੇ ਆਪਣੀ ਸੁੱਤੀ ਕਿਸਮਤ ਨੂੰ ਜਗਾਓ

ਮਿਟਾ ਦੇ ਆਪਨੀ ਹਸਰਤ ਕੋ ਅਗਰ ਕੁਛ ਮਰਤਬਾ ਚਾਹੇ, ਕਿ ਦਾਨਾ ਖਾਕ ਮੇਂ ਮਿਲ ਕਰ, ਗਲੋਂ ਗੁਲਜਾਰ ਹੋਤਾ ਹੈ ।

ਅਥਵਾ'ਕੁਚਲ ਦੇ ਹਸਰਤੋਂ ਕੋ, ਬੇਨਿਆਜ ਮੁੱਦਆਂ ਹੋ ਜਾ। * ਨਿਰਇੱਛਤ

ਖੁਦੀ ਕੋ ਝਾੜ ਦੇ ਦਾਮਨ ਸੇ, ਮਰਦੇ ਬਾਪਦਾ ਹੈ ਜਾਂ ਉਠਾ ਲੋਤੀ ਹੈਂ ਲਹਰੇਂ ਤਰਨਵੀਂ ਹੋਤਾ ਹੈ ਜਬ ਕੋਈ,

ਉਭਰਨਾ ਹੈ ਤੋਂ ਗਰਕੇ ਮੌਜਏ ਬਹਰੋਂ ਫਨਾ ਹੋ ਜਾ। 1. ਸਮੁੰਦਰੀ ਲਹਿਰਾ

ਇਨਸਾਨ ਚਾਹੇ ਤਾਂ ਆਪਣੀ ਕਿਸਮਤ ਖੁਦ ਸਿਰਜ ਸਕਦਾ ਹੈ। ਡਾ. ਇਕਬਾਲ ਦਾ ਕਥਨ ਹੈ 'ਖੁਦੀ ਕੋ ਕਰ ਬੁਲੰਦ ਇਤਨਾ, ਕਿ ਹਰ ਤਕਦੀਰ ਸੇ ਪਹਿਲੇ, ਖੁਦਾ ਬੰਦੇ ਸੇ ਖੁਦ : ਪੂਛੇ, ਬਤਾ ਤੇਰੀ ਰਜਾ ਕਿਆ ਹੈ ?

ਭਾਈ ਗੁਰਦਾਸ ਜੀ ਫੁਰਮਾਂਦੇ ਹਨ ਕਿ ਜੀਵ ਪ੍ਰਭੂ ਦੇ ਮਾਰਗ ਤੇ ਚੱਲਣ ਦਾ ਯਤਨ ਹੀ ਆਰੰਭ ਕਰੋ, ਗੁਰੂ ਮਹਾਰਾਜ ਆਪ ਉਸ ਦੇ ਰਾਹ ਪੈਂਡੋ ਵਿੱਚ ਸਹਾਈ ਹੁੰਦੇ ਹਨ ਚਰਨ ਸਰਨ ਗੁਰੂ ਏਕ ਪੈਂੜਾ ਜਾਇ ਚਲ, ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ । ਭਗਤ ਕਬੀਰ ਜੀ ਵੀ ਫੁਰਮਾਉਂਦੇ ਹਨ ਕਿ ਜੀਵ ਸਹੀ ਰੂਪ ਵਿੱਚ ਉੱਚੇ ਸੁੱਚੇ ਅਮਲਾਂ ਦਾ ਧਾਰਨੀ ਬਣ ਜਾਵੇ (ਜੋ ਕਿ ਪਰਮੇਸੁਰ ਦੇ ਰਾਹ ਦੀਆਂ ਪਉੜੀਆਂ ਹਨ। ਤਾਂ ਪਰਮੇਸਰ ਆਪਣੇ ਭਗਤ ਦੀ ਵਿਗੜੀ ਸੰਵਾਰਨ ਲਈ ਅਤੇ ਉਸਨੂੰ ਆਪਣੀ ਛਾਤੀ ਨਾਲ ਲਾਣ ਲਈ ਖੁਦ ਬਿਹਬਲ ਹੋ ਜਾਂਦਾ ਹੈ, ਕੋਈ ਉੱਦਮ ਕਰਕੇ ਤਾਂ ਵੇਖੋ -

ਕਬੀਰ ਮਨੁ ਨਿਰਮਲ ਭਇਆ, ਜੈਸਾ ਗੰਗਾ ਨੀਰੁ ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥" (੧੩੬੭)

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

*ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੌ ਜਾਂ ਅਗਲੌ ਪਾਵਾ ॥*

## ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

**1 ਨਵੰਬਰ 2026, ਦਿਨ ਐਤਵਾਰ ਨੂੰ**
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**
ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ
84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਮਹਾਨ ਗੁਰਮਤਿ ਸਮਾਗਮ



☛ ਸ਼ਹੀਦੀ ਦਿਵਸ : ਛੋਟਾ ਘੱਲੂਘਾਰਾ ਕਾਹਨੂੰਵਾਨ ☛ ਫ਼ਤਹਿ ਦਿਵਸ : ਫ਼ਤਹਿ ਦਿਵਸ ਕੌਮੀ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਸਰਹੰਦ ਫ਼ਤਹਿ ਦਿਵਸ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।




ਸ਼ੁੱਕਰਵਾਰ 15 ਮਈ ਸੰਗਰਾਂਦ ਦਾ ਪਵਿੱਤਰ ਦਿਹਾੜੇ ਨੂੰ ਸਮਰਪਿਤ ਸ਼ਾਮ 5 ਤੋ 8 ਵਜੇ ਤੱਕ ਦੀਵਾਨ ਸਜਣਗੇ।

• ਸ਼ਨਿੱਚਰਵਾਰ 16 ਮਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ। • ਐਤਵਾਰ 17 ਮਈ 2026 ਨੂੰ 6:30 ਵਜੇ ਸਵੇਰ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਢਾਡੀ ਜਥਾ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ ਵਾਲੇ 15/16/17 ਮਈ ਨੂੰ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ

## 2 ਜੂਨ ਨੂੰ ਪਿੰਡ ਰੋਡੇ ਪਹੁੰਚੋ



ਸਮਾਗਮ ਦਾ ਸਮਾ
ਸਵੇਰੇ 10 ਤੋਂ
3 ਵਜੇ
ਤੱਕ




ਆਵਾਜ਼ਿ ਕੌਮ
AWAZE QAUM
International Newspaper & WEB TV

ਵੱਲੋਂ :- ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, (98140-13915)




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ਼ਹੀਦੀ ਸਮਾਗਮ 17 ਮਈ ਨੂੰ



ਕੌਮੀ ਘਰ ਖਾਲਿਸਤਾਨ ਦੀ ਭਾਰਤੀ ਨਿਜ਼ਾਮ ਵਿਰੁੱਧ ਚੱਲ ਰਹੀ ਜੰਗ ਦੇ ਤਹਿਤ ਸ਼ਹਾਦਤ ਦੇਣ ਵਾਲੇ ਯੋਧੇ ਅਮਰ ਸ਼ਹੀਦ ਭਾਈ ਜਗਰੂਪ ਸਿੰਘ ਜੁਪਾ ਪੰਜਵੜ ਦੀ ਸ਼ਹਾਦਤ ਨੂੰ ਅਸੀਂ ਸਮੁੱਚੇ ਖਾਲਸਾ ਪੰਥ ਕੋਟਾਨ ਕੋਟ ਨਮਨ ਕਰਦੇ ਹਾਂ।



ਸਿੱਖ ਕੌਮ ਦੀ ਆਜ਼ਾਦੀ ਦੀ ਜੰਗ ਦੇ ਅਮਰ ਸ਼ਹੀਦ ਭਾਈ ਜਗਰੂਪ ਸਿੰਘ ਪੰਜਵੜ ਦੀ ਪਵਿੱਤਰ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ

## 17 ਮਈ 2026 (ਦਿਨ ਐਤਵਾਰ)

ਗੁਰਦਵਾਰਾ ਦੁੱਖ ਭੰਜਨ ਸਾਹਿਬ (ਪਿੰਡ ਕੱਲਰ ਭੈਣੀ )



ਸ਼ਹੀਦ ਭਾਈ ਜਗਰੂਪ ਸਿੰਘ

-- ✶ ਮੁਖ ਪ੍ਰਬੰਧਕ ✶ --


ਬਾਬਾ ਨਛੱਤਰ ਸਿੰਘ ਕੱਲਰ ਭੈਣੀ
ਬਾਬਾ ਇੰਦਰ ਸਿੰਘ ਕਾਰ ਸੇਵਾ
ਬਾਬਾ ਬਖਸੀਸ ਸਿੰਘ ਨਿਜ਼ਾਮਨੀਵਾਲਾ
ਬਾਬਾ ਰਾਜਾ ਰਾਜ ਸਿੰਘ ਅਰਬਾ ਖਰਬਾਂ ਦਲ
ਭਾਈ ਰਿਸਬਦੀਪ ਸਿੰਘ ਹੇਰਾ

ਆਵਾਜ਼ਿ ਕੌਮ AWAZE QAUM International Newspaper & WEB TV

--✶ ਵੱਲੋਂ ✶--

# ਸਮੂਹ ਸਿੱਖ ਜਥੇਬੰਦੀਆਂ

# ਸ਼ਹੀਦੀ ਸਮਾਗਮ 17 ਮਈ ਨੂੰ



ਕੌਮੀ ਘਰ ਖਾਲਿਸਤਾਨ ਦੀ ਭਾਰਤੀ ਨਿਜ਼ਾਮ ਵਿਰੁੱਧ ਚੱਲ ਰਹੀ ਜੰਗ ਦੇ ਤਹਿਤ ਸ਼ਹਾਦਤ ਦੇਣ ਵਾਲੇ ਯੋਧੇ ਅਮਰ ਸ਼ਹੀਦ ਭਾਈ ਜਗਰੂਪ ਸਿੰਘ ਜੁਪਾ ਪੰਜਵੜ ਦੀ ਸ਼ਹਾਦਤ ਨੂੰ ਅਸੀਂ ਸਮੁੱਚੇ ਖਾਲਸਾ ਪੰਥ ਕੋਟਾਨ ਕੋਟ ਨਮਨ ਕਰਦੇ ਹਾਂ।




## ਸਿੱਖ ਕੌਮ ਦੀ ਆਜ਼ਾਦੀ ਦੀ ਜੰਗ ਦੇ ਅਮਰ ਸ਼ਹੀਦ ਭਾਈ ਜਗਰੂਪ ਸਿੰਘ ਪੰਜਵੜ ਦੀ ਪਵਿੱਤਰ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ

## 17 ਮਈ 2026 (ਦਿਨ ਐਤਵਾਰ)



ਸ਼ਹੀਦ ਭਾਈ ਜਗਰੂਪ ਸਿੰਘ

**ਗੁਰਦਵਾਰਾ ਦੁੱਖ ਭੰਜਨ ਸਾਹਿਬ (ਪਿੰਡ ਕੱਲਰ ਭੈਣੀ)**



--✶ ਜਾਰੀ ਕਰਤਾ ✶--

## ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ

## ਮੁਖ ਸੇਵਾਦਾਰ ਜੱਥਾ ਠੀਕਰੀਵਾਲ

+13173657120




14 ਮਈ 2026, ਲੈਸਟਰ - ਇੰਗਲੈਂਡ ਦੇ ਪ੍ਰਸਿੱਧ ਸ਼ਹਿਰ ਲੈਸਟਰ ਵਿਚ ਇੱਕ ਇਤਿਹਾਸਕ ਮੀਲ ਪੱਥਰ ਰਚਿਆ ਜਾ ਰਿਹਾ ਹੈ। ਪੰਜਾਬੀ ਮੂਲ ਦੇ ਕੁਲਵਿੰਦਰ ਸਿੰਘ ਜੌਹਲ ਨੂੰ ਲੈਸਟਰ ਦਾ ਪਹਿਲਾ ਸਿੱਖ ਲਾਰਡ ਮੇਅਰ ਬਣਾਇਆ ਜਾ ਰਿਹਾ ਹੈ। ਇਸ ਖ਼ਬਰ ਨਾਲ ਦੁਨੀਆ ਭਰ ਦੇ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਕੁਲਵਿੰਦਰ ਸਿੰਘ ਜੌਹਲ ਦਾ ਸੰਬੰਧ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਫਿਲੌਰ ਨੇੜੇ ਪਿੰਡ ਤੇਹਿੰਗ ਨਾਲ ਹੈ। ਉਹ ਆਪਣੇ ਪਿੰਡ ਅਤੇ ਪੰਜਾਬੀ ਵਿਰਸੇ ਨਾਲ ਡੂੰਘੀ ਲਗਨ ਰੱਖਦੇ ਹੋਏ ਵਿਦੇਸ਼ ਵਿਚ ਵੀ ਪੰਜਾਬੀਆਂ ਦਾ ਨਾਮ ਰੌਸ਼ਨ ਕਰ ਰਹੇ ਹਨ। ਲੈਸਟਰ ਵਿਚ ਲੰਬੇ ਸਮੇਂ ਤੋਂ ਸਮਾਜਿਕ ਸੇਵਾ, ਲੋਕ ਭਲਾਈ, ਨੌਜਵਾਨਾਂ ਦੀ ਰਹਿਨੁਮਾਈ ਅਤੇ ਕਮਿਊਨਿਟੀ ਵਿਕਾਸ ਲਈ ਉਨ੍ਹਾਂ ਦਾ ਯੋਗਦਾਨ ਖਾਸ ਤੌਰ ਤੇ ਸਰਾਹਿਆ ਜਾ ਰਿਹਾ ਹੈ। ਲੈਸਟਰ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਅਤੇ ਸਿੱਖ ਭਾਈਚਾਰਾ ਵੱਸਦਾ ਹੈ। ਇਸ ਲਈ ਉਨ੍ਹਾਂ ਦੀ ਇਹ ਨਿਯੁਕਤੀ ਸਿੱਖ ਕੌਮ ਲਈ ਇੱਕ ਵੱਡੀ ਮਾਣ ਵਾਲੀ ਪ੍ਰਾਪਤੀ ਮੰਨੀ ਜਾ ਰਹੀ ਹੈ। ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਪਿੰਡ ਤੇਹਿੰਗ ਅਤੇ ਫਿਲੌਰ ਇਲਾਕੇ ਵਿਚ ਵੀ ਇਸ ਖ਼ਬਰ ਤੋਂ ਖਾਸ ਉਤਸਾਹ ਹੈ।




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਗਲੋਬਲ ਸਿੱਖ ਕੌਂਸਲ ਨੇ ਸਤਿਕਾਰ ਕਾਨੂੰਨ ਵਿੱਚ ਤੁਰੰਤ ਸੋਧਾਂ ਲਈ ਜਥੇਦਾਰ ਨੂੰ ਭੇਜਿਆ ਪੱਤਰ

# ਪੰਜਾਬ ਸਰਕਾਰ ਸਲਾਹ-ਮਸ਼ਵਰੇ ਰਾਹੀਂ ਤੁਰੰਤ ਲੋੜੀਂਦੀਆਂ ਸੋਧਾਂ ਕਰੇ : ਡਾ. ਕੰਵਲਜੀਤ ਕੌਰ



**ਚੰਡੀਗੜ੍ਹ, 14 ਮਈ (ਆਵਾਜ਼ਿ ਕੌਮ ਬਿਊਰੋ)**-ਵੱਖ-ਵੱਖ ਮੁਲਕਾਂ ਦੀਆਂ ਧਾਰਮਿਕ ਸੰਸਥਾਵਾਂ ਦੀ ਕੌਮਾਂਤਰੀ ਪ੍ਰਤੀਨਿਧ ਸੰਸਥਾ ਗਲੋਬਲ ਸਿੱਖ ਕੌਂਸਲ (ਜੀ.ਐੱਸ.ਸੀ.) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਇੱਕ ਪੱਤਰ ਭੇਜ ਕੇ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਕਾਨੂੰਨ 2026" ਵਿੱਚ ਤੁਰੰਤ ਸੋਧਾਂ ਯਕੀਨੀ ਬਣਾਉਣ ਲਈ ਪੰਥਕ ਦਖ਼ਲ ਦੀ ਮੰਗ ਕੀਤੀ ਹੈ। ਜੀ.ਐੱਸ.ਸੀ. ਨੇ ਇਸ ਪੱਤਰ ਦੀਆਂ ਕਾਪੀਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮੁੱਖ ਸਕੱਤਰ ਕੇ.ਏ.ਪੀ. ਸਿਨ੍ਹਾ ਨੂੰ ਵੀ ਭੇਜਦਿਆਂ ਵਿਸ਼ਵ ਭਰ ਦੇ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਤੁਰੰਤ ਵਿਧਾਨਕ ਕਾਰਵਾਈ ਦੀ ਮੰਗ ਕੀਤੀ ਹੈ।

ਕਿਸੇ ਦੋਖੀ ਵੱਲੋਂ ਜਾਣਬੁੱਝ ਕੇ ਕੀਤੀ ਜਾਣ ਵਾਲੀ ਬੇਅਦਬੀ ਖ਼ਿਲਾਫ਼ ਸਖ਼ਤ ਸਜ਼ਾ ਦੀ ਆਪਣੀ ਮੰਗ ਨੂੰ ਜਾਇਜ਼ ਦੱਸਦਿਆਂ ਕੌਂਸਲ ਦੀ ਪ੍ਰਧਾਨ ਡਾ. ਕੰਵਲਜੀਤ ਕੌਰ, ਓ.ਬੀ.ਈ. ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਸੋਧੇ ਹੋਏ ਕਾਨੂੰਨ ਵਿੱਚ ਕਈ ਗੰਭੀਰ ਖਾਮੀਆਂ ਹਨ ਜਿਹੜੀਆਂ ਉਸ ਬੁਰਾਈ ਜਿੰਨੀ ਹੀ ਪੀੜਾ ਸਿੱਖ ਕੌਮ ਨੂੰ ਦੇ ਸਕਦੀਆਂ ਹਨ ਜਿਸ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਇਹ ਕਾਨੂੰਨ ਲਿਆਂਦਾ ਗਿਆ ਹੈ।

ਕੌਂਸਲ ਦੀ ਸਭ ਤੋਂ ਗੰਭੀਰ ਚਿੰਤਾ ਇਹ ਹੈ ਕਿ ਇਹ ਕਾਨੂੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ, ਹਿਫ਼ਾਜ਼ਤ ਕਰਨ ਤੇ ਰਾਖੀ ਰੱਖਣ ਵਾਲੇ ਖ਼ਿਲਾਫ਼ ਸਪੱਸ਼ਟ ਤੌਰ 'ਤੇ ਪੁਲਿਸ ਨੂੰ ਕੇਸ ਦਰਜ ਕਰਦੇ ਸਮੇਂ ਸਿੱਖ ਰਹਿਤ ਮਰਿਆਦਾ ਦੀ ਵਿਆਖਿਆ ਕਰਨ ਦਾ ਅਧਿਕਾਰ ਦਿੰਦਾ ਹੈ ਜੋ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਿੱਧਾ ਅਤੇ ਗ਼ੈਰ-ਸੰਵਿਧਾਨਕ ਦਖ਼ਲ ਹੈ ਜਿਸ ਨੂੰ ਕਤਈ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਕੌਂਸਲ ਨੇ ਸਪੱਸ਼ਟ ਕਿਹਾ ਹੈ ਕਿ ਸਿੱਖ ਰਹਿਤ ਮਰਿਆਦਾ ਦੀ ਵਿਆਖਿਆ ਕਰਨਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੰਪੂਰਨ ਅਧਿਕਾਰ ਖੇਤਰ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਕਾਨੂੰਨ ਗ੍ਰੰਥੀਆਂ, ਸੇਵਾਦਾਰਾਂ, ਗੁਰਦੁਆਰਾ ਪ੍ਰਬੰਧਕਾਂ ਅਤੇ ਗੁਰਦੁਆਰਿਆਂ ਜਾਂ ਆਪਣੇ ਘਰਾਂ ਵਿੱਚ ਪ੍ਰਕਾਸ਼ ਕਰਨ ਵਾਲੇ ਪਰਿਵਾਰਾਂ ਨੂੰ ਵੀ ਅਸਲ ਬੇਅਦਬੀ ਕਰਨ ਵਾਲੇ ਵਿਅਕਤੀ ਦੇ ਬਰਾਬਰ ਹੀ ਅਪਰਾਧੀ ਬਣਾ ਕੇ ਅਸੁਰੱਖਿਅਤ ਬਣਾਉਂਦਾ ਹੈ ਅਤੇ ਅਜਿਹੇ ਬੇਕਸੂਰ ਸ਼ਰਧਾਲੂਆਂ ਨੂੰ ਅਦਾਲਤਾਂ ਵਿੱਚ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਮਜਬੂਰ ਕਰਦਾ ਹੈ। ਇਸ ਨਾਲ ਸਿੱਖਾਂ ਵਿੱਚ ਸਥਾਈ ਡਰ ਦਾ ਮਾਹੌਲ ਪੈਦਾ ਹੋਵੇਗਾ ਅਤੇ ਲੋਕ ਆਪਣੇ ਘਰਾਂ ਵਿੱਚ ਰੋਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਜਾਂ ਅਖੰਡ ਪਾਠ ਕਰਵਾਉਣ ਤੋਂ ਵੀ ਹਿਚਕਿਚਾਉਣਗੇ।

ਜੀ.ਐੱਸ.ਸੀ. ਦੀ ਪ੍ਰਧਾਨ ਨੇ ਇਸ ਸੋਧੇ ਕਾਨੂੰਨ ਕਾਰਨ ਪੈਦਾ ਹੋਈਆਂ ਹੋਰ ਚਿੰਤਾਵਾਂ ਦਾ ਵੀ ਜ਼ਿਕਰ ਕੀਤਾ ਹੈ ਜਿਨ੍ਹਾਂ ਵਿੱਚ ਬੇਅਦਬੀ ਕੀਤੇ ਗਏ ਸਰੂਪਾਂ ਨੂੰ ਪੁਲਿਸ ਵੱਲੋਂ ਅਦਾਲਤੀ ਕਾਰਵਾਈ ਲਈ 'ਕੇਸ ਪ੍ਰਾਪਰਟੀ' ਵਜੋਂ ਕਬਜ਼ੇ ਵਿੱਚ ਲੈਣਾ, ਪੁਲਿਸ ਜਾਂਚ ਤੇ ਫਾਰੈਂਸਿਕ ਪੜਤਾਲ ਮੌਕੇ ਗੁਰਮਤਿ ਮਰਿਆਦਾ ਦਾ ਪਾਲਣ, ਬੇਅਦਬੀ ਰੋਕਣ ਮੌਕੇ ਗੁਰੂ ਦੀ ਰੱਖਿਆ ਕਰਨ ਵਾਲਿਆਂ ਲਈ ਕਾਨੂੰਨੀ ਸੁਰੱਖਿਆ ਦੀ ਕਮੀ, ਇਸ ਕਾਨੂੰਨ ਦੀ ਦੁਰਵਰਤੋਂ ਖ਼ਿਲਾਫ਼ ਯੋਗ ਸੁਰੱਖਿਆ ਪ੍ਰਬੰਧਾਂ ਤੋਂ ਬਿਨਾਂ ਝੂਠੇ ਕੇਸ ਦਰਜ ਹੋਣ ਦਾ ਖ਼ਤਰਾ ਅਤੇ ਸਖ਼ਤ ਸਜ਼ਾਵਾਂ ਦੇ ਬਾਵਜੂਦ ਜਲਦ ਨਿਆਂ ਲਈ ਫ਼ਾਸਟ ਟਰੈਕ ਅਦਾਲਤਾਂ ਦੀ ਵਿਵਸਥਾ ਨਾ ਹੋਣਾ ਸ਼ਾਮਲ ਹੈ। ਕੌਂਸਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਨੂੰ ਸਪੱਸ਼ਟ ਨਿਰਦੇਸ਼ ਜਾਰੀ ਕਰੇ ਕਿ ਸਿੱਖ ਵਿਦਵਾਨਾਂ, ਸੰਵਿਧਾਨਕ ਮਾਹਿਰਾਂ ਅਤੇ ਪੰਥਕ ਸੰਸਥਾਵਾਂ, ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ਼ਾਮਲ ਹਨ, ਨਾਲ ਸਲਾਹ-ਮਸ਼ਵਰਾ ਪ੍ਰਕਿਰਿਆ ਰਾਹੀਂ ਵਿਆਪਕ ਸੋਧਾਂ ਕੀਤੀਆਂ ਜਾਣ ਤਾਂ ਜੋ ਉਪਰੋਕਤ ਹਕੀਕਤਾਂ ਦੇ ਮੱਦੇਨਜ਼ਰ ਵਿਸ਼ਵ ਭਰ ਦੇ ਸਿੱਖਾਂ ਦੀਆਂ ਚਿੰਤਾਵਾਂ ਅਤੇ ਭਾਵਨਾਵਾਂ ਦਾ ਸਨਮਾਨਪੂਰਵਕ ਨਿਵਾਰਣ ਕੀਤਾ ਜਾ ਸਕੇ।

## ਭਾਂਟ ਸਿੱਖ ਬਰਾਦਰੀ ਦੀਆਂ ਸਮੱਸਿਆਵਾਂ ਨੂੰ

# ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ : ਸੁੱਖੀ



**ਧੂਰੀ ( ਰਣਜੀਤ ਸਿੰਘ ਪੇਧਨੀ )**-ਭਾਂਟ ਸਿੱਖ ਬਿਰਾਦਰੀ ਧੂਰੀ ਵੱਲੋਂ ਅਜਾਦ ਨਗਰ ਮੁਹੱਲਾਂ ਵਾਰਡ ਨੰਬਰ 20 ਵਿਖੇ ਬਰਾਬਰੀ ਦੇ ਪ੍ਰਧਾਨ ਬਾਬਾ ਮਹਿੰਦਰ ਸਿੰਘ ਦੀ ਅਗਵਾਈ ਹੇਠ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐਸਡੀ ਸੁਖਵੀਰ ਸਿੰਘ ਸੁੱਖੀ ਵਿਸ਼ੇਸ਼ ਤੌਰ 'ਤੇ ਸਾਮਿਲ ਹੋਏ। ਇਸ ਮੌਕੇ ਭਾਂਟ ਸਿੱਖ ਬਰਾਦਰੀ ਵੱਲੋਂ ਰੱਖੇ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਹੋਇਆਂ ਓਐਸਡੀ ਸੁਖਬੀਰ ਸਿੰਘ ਸੁੱਖੀ ਨੇ ਕਿਹਾ ਕਿ ਜੋ ਵੀ ਬਰਾਦਰੀ ਅਤੇ ਮਹੱਲੇ ਦੀਆਂ ਮੁਸ਼ਕਲਾਂ ਹਨ, ਉਹਨਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਆਉਣ ਵਾਲੀ 26 ਮਈ ਨੂੰ ਵਾਰਡ ਨੰਬਰ 20 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਜੈਬ ਸਿੰਘ ਹੈਪੀ ਨੂੰ ਵੱਡੇ ਮਾਰਜਨ ਨਾਲ ਜਿਤਾ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੱਥ ਮਜਬੂਤ ਕਰੋ। ਇਸ ਮੌਕੇ ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਚੇਅਰਮੈਨ ਰਣਜੋਧ ਸਿੰਘ ਕਾਂਝਲਾ, ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜਿਲ੍ਹਾ ਪ੍ਰੀਸ਼ਦ, ਕੁਲਵਿੰਦਰ ਸਿੰਘ ਬੌਗੜ, ਪ੍ਰੀਤ ਧੂਰੀ, ਅਜੈਬ ਸਿੰਘ ਹੈਪੀ, ਬਾਬਾ ਪਰਮਜੀਤ ਸਿੰਘ ਪੰਮਾ, ਊਧਮ ਸਿੰਘ, ਲਖਵਿੰਦਰ ਸਿੰਘ, ਨਿਸਾਨ ਸਿੰਘ, ਜਤਿੰਦਰ ਸਿੰਘ, ਮਨਜੀਤ ਸਿੰਘ ਹੈਪੀ, ਤੀਰਥ ਸਿੰਘ, ਗੁਰਪ੍ਰੀਤ ਸਿੰਘ, ਰਾਜਪ੍ਰੀਤ ਸਿੰਘ , ਅਵਤਾਰ ਸਿੰਘ , ਸੇਵਾ ਸਿੰਘ ਹਾਜ਼ਰ ਸਨ।

# ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਨੇ ਪੰਥਕ ਇਕੱਠਾਂ ਵਿੱਚ ਨੁਮਾਇੰਦਗੀ ਸਬੰਧੀ ਜਾਰੀ ਕੀਤਾ ਬਿਆਨ



ਨਵੀਂ ਦਿੱਲੀ, 14 ਮਈ (ਮਨਪ੍ਰੀਤ ਸਿੰਘ ਖਾਲਸਾ):- ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਵੱਲੋਂ ਜਾਰੀ ਇਕ ਬਿਆਨ ਵਿੱਚ ਜੱਥੇ ਦੀ ਇਤਿਹਾਸਕ ਪਰੰਪਰਾ, ਜੱਥੇਦਾਰੀ ਪ੍ਰਬੰਧ ਅਤੇ ਪੰਥਕ ਇਕੱਠਾਂ ਵਿੱਚ ਜੱਥੇ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ।ਉਨ੍ਹਾਂ ਦੇ ਲਿਖਤੀ ਬਿਆਨ ਅਨੁਸਾਰ ਖਾਲਸਾ ਪੰਥ ਦੀ ਪ੍ਰਸਿੱਧ ਸੰਸਥਾ ਅਖੰਡ ਕੀਰਤਨੀ ਜੱਥੇ ਦੀ ਸਥਾਪਨਾ ਭਾਈ ਰਣਧੀਰ ਸਿੰਘ ਵੱਲੋਂ ਕੀਤੀ ਗਈ ਸੀ। ਉਨ੍ਹਾਂ ਤੋਂ ਬਾਅਦ ਬਾਓ ਮੱਲ ਸਿੰਘ ਜੱਥੇਦਾਰ ਰਹੇ, ਜਿਨ੍ਹਾਂ ਨੇ ਸੰਗਤਾਂ ਦੀ ਸਹਿਮਤੀ ਨਾਲ ਭਾਈ ਰਾਮ ਸਿੰਘ ਨੂੰ ਜੱਥੇਦਾਰ ਨਿਯੁਕਤ ਕੀਤਾ।1978 ਦੇ ਵਿਸਾਖੀ ਸਾਕੇ ਤੋਂ ਬਾਅਦ ਭਾਈ ਰਾਮ ਸਿੰਘ ਵੱਲੋਂ "ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ" ਨੂੰ 1076 ਨੰਬਰ ਹੇਠ ਰਜਿਸਟਰ ਕਰਵਾਇਆ ਗਿਆ ਅਤੇ ਭਾਈ ਬਲਦੇਵ ਸਿੰਘ ਨੂੰ ਮੀਤ ਜੱਥੇਦਾਰ ਬਣਾਇਆ ਗਿਆ। ਭਾਈ ਰਾਮ ਸਿੰਘ ਨੇ ਆਪਣੇ ਸੰਸਾਰ ਵਿਛੋੜੇ ਤੋਂ ਪਹਿਲਾਂ ਹੀ ਜੱਥੇ ਦੀ ਜੱਥੇਦਾਰੀ ਭਾਈ ਬਲਦੇਵ ਸਿੰਘ ਨੂੰ ਸੌਂਪ ਦਿੱਤੀ ਸੀ। ਇਸ ਤੋਂ ਬਾਅਦ ਭਾਈ ਬਲਦੇਵ ਸਿੰਘ ਦੀ ਇੱਛਾ ਅਨੁਸਾਰ ਭਾਈ ਸੁਖਚੈਨ ਸਿੰਘ ਨੂੰ ਜੱਥੇ ਦੀ ਜੱਥੇਦਾਰੀ ਦੀ ਸੇਵਾ ਦਿੱਤੀ ਗਈ ਅਤੇ ਜੱਥੇ ਦਾ ਹੈੱਡਕੁਆਰਟਰ ਗੁਰਦੁਆਰਾ ਸ਼ਹੀਦ ਗੰਜ, ਬੀ ਬਲਾਕ ਰੇਲਵੇ ਕਾਲੋਨੀ, ਅੰਮ੍ਰਿਤਸਰ ਵਿਖੇ ਸਥਿਤ ਹੈ। ਭਾਈ ਸੁਖਚੈਨ ਸਿੰਘ ਨੇ ਕਿਹਾ ਕਿ ਜੱਥੇਦਾਰ ਭਾਈ ਬਲਦੇਵ ਸਿੰਘ ਅਤੇ ਜੱਥੇ ਦੇ ਹੋਰ ਪ੍ਰਤੀਨਿਧ ਸਿੰਘਾਂ ਵੱਲੋਂ ਸਮੇਂ-ਸਮੇਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਪੰਥਕ ਇਕੱਠਾਂ ਵਿੱਚ ਖਾਲਸਾ ਪੰਥ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਬੌਧਿਕ ਮਸਲਿਆਂ ਸਬੰਧੀ ਸਰਗਰਮ ਭੂਮਿਕਾ ਨਿਭਾਈ ਜਾਂਦੀ ਰਹੀ ਹੈ। ਉਨ੍ਹਾਂ ਨੇ ਭਵਿੱਖ ਵਿੱਚ ਹੋਣ ਵਾਲੀਆਂ ਸਮੂਹ ਪੰਥਕ ਇਕਤਰਤਾਵਾਂ ਵਿੱਚ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੀ ਹਾਜ਼ਰੀ ਯਕੀਨੀ ਬਣਾਉਣ ਅਤੇ ਜੱਥੇ ਅਤੇ ਭਾਈ ਰਤਿੰਦਰ ਸਿੰਘ ਇੰਦੌਰ ਨੂੰ ਲਿਖਤੀ ਸੱਦਾ ਭੇਜਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਗੈਰਹਾਜ਼ਰੀ ਵਿੱਚ ਭਾਈ ਰਤਿੰਦਰ ਸਿੰਘ ਇੰਦੌਰ ਨੂੰ ਜੱਥੇ ਦੀ ਪ੍ਰਤਿਨਿਧਤਾ ਕਰਨ ਦੇ ਅਧਿਕਾਰ ਦਿੱਤੇ ਜਾਣ ਦੀ ਜਾਣਕਾਰੀ ਵੀ ਸਾਂਝੀ ਕੀਤੀ। ਬਿਆਨ ਦੇ ਅੰਤ ਵਿੱਚ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਵੱਲੋਂ ਸ਼੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਅਤੇ ਖਾਲਸਾਈ ਪਰੰਪਰਾਵਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ ਗਈ।

# ਖਾਲਸਾ ਕਾਲਜੀਏਟ ਸਕੂਲ ਮਹਿਤਾ ਦੇ ਬਾਰਵੀਂ ਜਮਾਤ ਦੇ ਸ਼ਾਨਦਾਰ ਨਤੀਜੇ

## ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਦੇ ਨਤੀਜਿਆਂ ਵਿੱਚ ਖਾਲਸਾ ਕਾਲਜੀਏਟ ਸਕੂਲ ਮਹਿਤਾ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ, ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਜਲਾਲ




**ਚੌਕ ਮਹਿਤਾ, 14 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜੀਏਟ ਮਹਿਤਾ ਚੌਂਕ ਦੇ ਮੈਡੀਕਲ, ਨਾਨ ਮੈਡੀਕਲ, ਕਾਮਰਸ ਅਤੇ ਆਰਟਸ ਦੇ ਵਿਦਿਆਰਥੀਆਂ ਨੇ ਬਹੁਤ ਹੀ ਪ੍ਰਸ਼ੰਸਾਯੋਗ ਪ੍ਰਦਰਸ਼ਨ ਕੀਤਾ। ਸਾਰੇ ਵਿਦਿਆਰਥੀਆਂ ਦੀ ਮਿਹਨਤ ਸਲਾਘਾਯੋਗ ਰਹੀ। ਮੈਡੀਕਲ ਸਟਰੀਮ ਵਿੱਚੋਂ ਸ਼ੁਭਨੀਤ ਕੌਰ, ਮਨਸੁਖਵਿੰਦਰ ਸਿੰਘ, ਸ਼ਿਵਪ੍ਰਤਾਪ ਸਿੰਘ, ਨਾਨ ਮੈਡੀਕਲ ਦੇ ਨਵਰਾਜ ਸਿੰਘ, ਜੁਗਰਾਜ ਸਿੰਘ, ਪਰਮਪ੍ਰੀਤ ਸਿੰਘ ਅਰੁਣਪ੍ਰੀਤ ਸਿੰਘ, ਕਾਮਰਸ ਦੀ ਸੰਦੀਪ ਕੌਰ, ਨਵਜੀਤ ਕੌਰ, ਰਵਜੋਤ ਸਿੰਘ, ਆਰਟਸ ਵਿੱਚੋਂ ਮਨਪ੍ਰੀਤ ਕੌਰ, ਰਮਨੀਕ ਸਿੰਘ, ਯੁਵਰਾਜ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਦਰਜਾ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਰਦਾਰ ਸੁਖਦੇਵ ਸਿੰਘ ਨੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਅਧਿਆਪਕ ਸਾਹਿਬਾਨਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਇਸ ਉਪਰੰਤ ਸਕੂਲ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ ਅਤੇ ਸਟਾਫ ਮੈਂਬਰਾਂ ਨੇ ਸਕੂਲ ਦੇ ਚਮਕਦੇ ਸਿਤਾਰਿਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਕਿਹਾ ਕਿ ਵਿਦਿਆਰਥੀਆਂ ਦੀ ਅਥੱਕ ਮਿਹਨਤ ਅਤੇ ਅਧਿਆਪਕਾਂ ਦੀ ਨਿਸ਼ਠਾ ਨੇ ਇਸ ਸਫਲਤਾ ਨੂੰ ਸੰਭਵ ਬਣਾਇਆ ਹੈ ।ਇਹ ਨਤੀਜੇ ਸਾਬਿਤ ਕਰਦੇ ਹਨ ਕਿ ਲਗਨ ਤੇ ਸੱਚੀ ਮੇਹਨਤ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ। ਬੱਚਿਆਂ ਦੇ ਉਤਸ਼ਾਹ ਤੇ ਸ਼ਾਨਦਾਰ ਨਤੀਜਿਆਂ ਕਰਕੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ। ਇਸ ਸੁਭਾਗੇ ਮੌਕੇ ਤੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ,ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ,ਸੁਖਦੇਵ ਸਿੰਘ, ਸੁਖਜੀਤ ਸਿੰਘ ,ਸੁਪਰਡੈਂਟ ਕੁਲਦੀਪ ਕੌਰ , ਅਤੇ ਸਮੂਹ ਅਧਿਆਪਕ ਸਾਹਿਬਾਨਾਂ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆ।

### ਪੰਥਕ ਸਲਾਹ ਬਿਨਾਂ ਬਣਾਇਆ ਸਤਿਕਾਰ ਕਾਨੂੰਨ ਸਿੱਖ ਕੌਮ ਕਦੇ ਸਵੀਕਾਰ ਨਹੀਂ ਕਰੇਗੀ: ਸ਼੍ਰੋਮਣੀ ਰਾਗੀ ਸਭਾ ਸ਼੍ਰੀ ਅੰਮ੍ਰਿਤਸਰ

# ਦਸਮ ਬਾਣੀ, ਭਾਈ ਗੁਰਦਾਸ ਜੀ ਦੀ ਵਾਰਾਂ ਸਮੇਤ ਪੰਥ ਪ੍ਰਮਾਣਿਤ ਬਾਣੀਆਂ ਨੂੰ ਸਤਿਕਾਰ ਕਾਨੂੰਨ ਵਿਚ ਨਜ਼ਰਅੰਦਾਜ਼ ਕਰਨਾ ਪੰਥ ਨਾਲ ਧੱਕਾ



ਨਵੀਂ ਦਿੱਲੀ 14 ਮਈ (ਮਨਪ੍ਰੀਤ ਸਿੰਘ ਖਾਲਸਾ):– ਪੰਜਾਬ ਸਰਕਾਰ ਵੱਲੋਂ ਬਿਨਾਂ ਪੰਥਕ ਵਿਦਵਾਨਾਂ, ਪੰਥਕ ਸੰਸਥਾਵਾਂ, ਪੰਥਕ ਵਕੀਲਾਂ ਅਤੇ ਜੱਥੇਬੰਦੀਆਂ ਨਾਲ ਕੋਈ ਵਿਸਥਾਰਪੂਰਵਕ ਸਲਾਹ–ਮਸ਼ਵਰਾ ਕੀਤੇ ਬਿਨਾਂ ਪਾਸ ਕੀਤਾ ਗਿਆ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026" ਪੰਥਕ ਭਾਵਨਾਵਾਂ ਦੇ ਉਲਟ ਅਤੇ ਗੰਭੀਰ ਖ਼ਾਮੀਆਂ ਨਾਲ ਭਰਪੂਰ ਹੈ। ਇਸ ਕਾਨੂੰਨ ਨੂੰ ਲੈ ਕੇ ਸਮੂਹ ਸਿੱਖ ਪੰਥ ਵਿੱਚ ਵੱਡੇ ਪੱਧਰ 'ਤੇ ਰੋਸ ਅਤੇ ਨਾਰਾਜ਼ਗੀ ਪਾਈ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਰਾਗੀ ਸਭਾ ਸ਼੍ਰੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਉਂਕਾਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਪੰਥ ਦੀ ਆਵਾਜ਼ ਨੂੰ ਅਣਡਿੱਠਾ ਕਰਕੇ ਇਕਤਰਫ਼ਾ ਤਰੀਕੇ ਨਾਲ ਇਹ ਕਾਨੂੰਨ ਥੋਪਣ ਦੀ ਕੋਸ਼ਿਸ਼ ਕੀਤੀ ਹੈ, ਜਿਸਨੂੰ ਸਿੱਖ ਕੌਮ ਕਦੇ ਵੀ ਸਵੀਕਾਰ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਤੁਰੰਤ ਪੰਥਕ ਧਿਰਾਂ ਨਾਲ ਸੰਵਾਦ ਕਰਕੇ ਇਸ ਕਾਨੂੰਨ ਵਿੱਚ ਲੋੜੀਂਦੇ ਬਦਲਾਵ ਨਾ ਕੀਤੇ ਤਾਂ ਵੱਡੇ ਪੱਧਰ 'ਤੇ ਪੰਥਕ ਸੰਘਰਸ਼ ਖੜ੍ਹਾ ਹੋ ਸਕਦਾ ਹੈ, ਜਿਸ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਮਨੁੱਖੀ ਕਾਨੂੰਨ ਦੇ ਅਧੀਨ ਨਹੀਂ ਹਨ ਅਤੇ ਨਾ ਹੀ ਕੋਈ ਸਰਕਾਰ ਉਨ੍ਹਾਂ ਦੀ ਮਹਾਨਤਾ ਨੂੰ ਕਾਨੂੰਨੀ ਧਾਰਾਵਾਂ ਵਿੱਚ ਬੰਨ੍ਹ ਸਕਦੀ ਹੈ। ਪਰ ਸੱਚਾ ਸਤਿਕਾਰ ਕਾਇਮ ਰੱਖਣ ਲਈ ਅਜਿਹਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਜੋ ਪੰਥ ਦੀ ਸਹਿਮਤੀ, ਗੁਰਮਤਿ ਸਿਧਾਂਤਾਂ ਅਤੇ ਕੌਮੀ ਭਾਵਨਾਵਾਂ ਦੇ ਅਨੁਕੂਲ ਹੋਵੇ। ਭਾਈ ਉਂਕਾਰ ਸਿੰਘ ਨੇ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਇਸ ਕਾਨੂੰਨ ਦੀ ਇਕ ਵੱਡੀ ਖਾਮੀ ਇਹ ਹੈ ਕਿ ਇਸ ਵਿੱਚ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਕਾਨੂੰਨੀ ਕਮੀ ਨਹੀਂ, ਸਗੋਂ ਪੰਥਕ ਪਰੰਪਰਾਵਾਂ ਅਤੇ ਸਿੱਖ ਵਿਰਾਸਤ ਨਾਲ ਖਿਲਵਾੜ ਹੈ। ਸਰਕਾਰ ਦੀ ਇਹ ਪਹੁੰਚ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ, ਜਿਸ ਕਾਰਨ ਪੰਥ ਵਿੱਚ ਭਾਰੀ ਰੋਸ ਪੈਦਾ ਹੋ ਰਿਹਾ ਹੈ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਤੁਰੰਤ ਇਸ ਕਾਨੂੰਨ ਵਿੱਚ ਸੋਧ ਕਰਕੇ ਦਸਮ ਬਾਣੀ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਸਮੇਤ ਸਮੂਹ ਪੰਥ ਪ੍ਰਮਾਣਿਤ ਬਾਣੀਆਂ ਨੂੰ ਯੋਗ ਸਤਿਕਾਰ ਅਤੇ ਕਾਨੂੰਨੀ ਸੁਰੱਖਿਆ ਨਾ ਦਿੱਤੀ ਤਾਂ ਸਿੱਖ ਸੰਗਤਾਂ ਇਸਨੂੰ ਪੰਥ ਨਾਲ ਧੱਕਾ ਮੰਨਣਗੀਆਂ ਅਤੇ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਪੰਥਕ ਮਸਲੇ ਸਿਰਫ਼ ਸਿਆਸੀ ਫੈਸਲਿਆਂ ਨਾਲ ਨਹੀਂ ਨਿਪਟਾਏ ਜਾ ਸਕਦੇ। ਸਿੱਖ ਕੌਮ ਦੀ ਧਾਰਮਿਕ ਵਿਰਾਸਤ ਅਤੇ ਗੁਰਬਾਣੀ ਨਾਲ ਜੁੜੇ ਹਰ ਫੈਸਲੇ ਵਿੱਚ ਪੰਥ ਦੀ ਸਾਂਝੀ ਰਾਇ ਲਾਜ਼ਮੀ ਹੁੰਦੀ ਹੈ। ਪਰ ਮੌਜੂਦਾ ਸਰਕਾਰ ਨੇ ਹੰਕਾਰ ਅਤੇ ਜਲਦਬਾਜੀ ਵਿੱਚ ਪੰਥ ਦੀ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਹੁਣ ਵੀ ਸਮੇਂ ਸਿਰ ਆਪਣੀ ਗਲਤੀ ਨਾ ਮੰਨੀ ਤਾਂ ਇਹ ਮਸਲਾ ਸਿਰਫ਼ ਪੰਜਾਬ ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਦੇਸ਼–ਵਿਦੇਸ਼ ਦੀਆਂ ਸਿੱਖ ਸੰਗਤਾਂ ਵਿੱਚ ਵੀ ਵੱਡਾ ਅਸੰਤੋਸ਼ ਪੈਦਾ ਹੋਵੇਗਾ। ਸਰਕਾਰ ਨੂੰ ਤੁਰੰਤ ਪੰਥਕ ਨੁਮਾਇੰਦਿਆਂ ਦੀ ਇਕ ਵੱਡੀ ਮੀਟਿੰਗ ਬੁਲਾ ਕੇ ਇਸ ਕਾਨੂੰਨ ਦੀ ਹਰ ਧਾਰਾ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ, ਨਹੀਂ ਤਾਂ ਸਿੱਖ ਕੌਮ ਲੋਕਤਾਂਤਰਿਕ ਢੰਗ ਨਾਲ ਵੱਡਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਉਨ੍ਹਾਂ ਨਾਲ ਭਾਈ ਸ਼ੁਭਦੀਪ ਸਿੰਘ, ਭਾਈ ਅਮਨਦੀਪ ਸਿੰਘ, ਭਾਈ ਸਤਨਾਮ ਸਿੰਘ ਕੋਹਾੜਕਾ, ਭਾਈ ਕਾਰਜ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਗੁਰਵਿੰਦਰ ਸਿੰਘ ਅਨੰਦਪੁਰੀ, ਭਾਈ ਪਲਵਿੰਦਰ ਸਿੰਘ, ਭਾਈ ਸਤਿੰਦਰਬੀਰ ਸਿੰਘ, ਭਾਈ ਨਵਨੀਤ ਸਿੰਘ, ਭਾਈ ਕੰਵਲਦੀਪ ਸਿੰਘ, ਭਾਈ ਬਿਕਰਮਜੀਤ ਸਿੰਘ, ਭਾਈ ਕਰਨੈਲ ਸਿੰਘ ਸਮੇਤ ਵਡੀ ਗਿਣਤੀ ਵਿਚ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਸਿੰਘ ਹਾਜਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਪੰਥਕ ਨੁਮਾਇੰਦਿਆਂ ਨਾਲ ਮੀਟਿੰਗ ਕਰ ਕੇ ਕਾਨੂੰਨ ਦੀ ਵਿਵਾਦਮਈ ਧਾਰਾਵਾਂ 'ਤੇ ਮੁੜ ਕੀਤਾ ਜਾਏ ਵਿਚਾਰ**

### ਸ਼ਹੀਦ ਬਾਬਾ ਦੀਪ ਸਿੰਘ ਜੀ ਪਬਲਿਕ ਹਾਈ ਸਕੂਲ ਦਾ

# ਦਸਵੀਂ ਅਤੇ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ



**ਚੌਕ ਮਹਿਤਾ, 14 ਮਈ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਵਿੱਚੋਂ ਇੱਕ ਅਦਾਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਪਬਲਿਕ ਹਾਈ ਸਕੂਲ ਮਹਿਸਮਪੁਰ ਖੁਰਦ, ਜ਼ਿਲ੍ਹਾ ਅੰਮ੍ਰਿਤਸਰ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨਿਆ ਗਿਆ ਦਸਵੀਂ ਅਤੇ ਅੱਠਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸਕੂਲ ਦੇ ਵਿਦਿਆਰਥੀਆਂ ਨੇ ਮਿਹਨਤ ਅਤੇ ਅਧਿਆਪਕਾਂ ਦੀ ਯੋਗ ਅਗਵਾਈ ਸਦਕਾ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਸਕੂਲ, ਮਾਪਿਆਂ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਦਸਵੀਂ ਜਮਾਤ ਵਿੱਚ ਹਰਨੂਰ ਸਿੰਘ ਨੇ ਪਹਿਲਾ ਸਥਾਨ ਅਤੇ ਹਰਮਨਜੀਤ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੱਠਵੀਂ ਜਮਾਤ ਵਿੱਚ ਸਨੇਹਪ੍ਰੀਤ ਕੌਰ ਨੇ ਪਹਿਲਾ ਸਥਾਨ, ਅਦਿੱਤੀ ਕੌਰ ਨੇ ਦੂਸਰਾ ਸਥਾਨ ਅਤੇ ਅੰਮ੍ਰਿਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਕੂਲ ਪ੍ਰਿੰਸੀਪਲ ਸਾਹਿਬ ਨੇ ਵਧੀਆ ਨਤੀਜੇ ਲਈ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਅਤੇ ਉਨਾਂ ਨੇ ਦੱਸਿਆ ਕਿ ਸਕੂਲ ਵਿੱਚ ਬੱਚਿਆਂ ਨੂੰ ਵਧੀਆ ਦੁਨਿਆਵੀ ਸਿੱਖਿਆ ਦੇ ਨਾਲ–ਨਾਲ ਧਾਰਮਿਕ ਅਤੇ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ, ਜਿਸ ਕਾਰਨ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਅਤੇ ਪੜ੍ਹਾਈ ਪ੍ਰਤੀ ਰੁਚੀ ਵਧ ਰਹੀ ਹੈ। ਇਸ ਮੌਕੇ ਮਾਪਿਆਂ ਵਿੱਚ ਵੀ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ ਅਤੇ ਉਨ੍ਹਾਂ ਨੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰ ਹਾਜ਼ਰ ਸ਼ਖਸੀਅਤਾਂ ਵਿੱਚ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਹਰਜੋਤ ਸਿੰਘ, ਪ੍ਰਿੰਸੀਪਲ ਗੁਰਦੀਪ ਸਿੰਘ,ਗੁਰਪਿੰਦਰ ਸਿੰਘ, ਮਨਦੀਪ ਕੌਰ ਮੈਡਮ , ਮੈਡਮ ਸੁਖਵੰਤ ਕੌਰ, ਮੈਡਮ ਕਿਰਨ ਸਮੇਤ ਸਮੂਹ ਸਕੂਲ ਸਟਾਫ ਮੌਜੂਦ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

### ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਚੂੰਗ ਬਾਰਵੀਂ ਜਮਾਤ ਨਤੀਜਾ ਰਿਹਾ ਸ਼ਾਨਦਾਰ, (ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਦੇ ਨਤੀਜਿਆਂ ਵਿਚ ਮਾਰੀਆ ਮੱਲਾ, ਡਾਇਰੈਕਟਰ ਤੇਜਬੀਰ ਸਿੰਘ ਸੋਹਲ)



**ਚੌਕ ਮਹਿਤਾ, 14 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੀਆਂ ਨਾਮਵਰ ਵਿਦਿਅਕ ਸੰਸਥਾਵਾਂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਚੂੰਗ ਦਾ ਪੰਜਾਬ ਬੋਰਡ ਦਾ ਬਾਰਵੀਂ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸਾਰੇ ਹੀ ਵਿਦਿਆਰਥੀ ਬਹੁਤ ਹੀ ਵਧੀਆ ਨੰਬਰਾਂ ਨਾਲ ਪਾਸ ਹੋਏ। ਮੈਡੀਕਲ ਵਿੱਚ ਬਲਪ੍ਰੀਤ ਕੌਰ 94%, ਰਮਨਪ੍ਰੀਤ ਕੌਰ 93.60%, ਨਵਜੋਤ ਕੌਰ 93.40%, ਧੰਨਗੁਰਲੀਨ ਕੌਰ 92.2%, ਲਵਪ੍ਰੀਤ ਕੌਰ 91.4%, ਅਵਨੀਤ ਕੌਰ ਅਤੇ ਸਹਿਜਪ੍ਰੀਤ ਕੌਰ 90.8%, ਖੁਸ਼ਲੀਨ ਕੌਰ 90.2% ਨੰਬਰ ਪ੍ਰਾਪਤ ਕੀਤੇ। ਨਾਨ ਮੈਡੀਕਲ ਵਿੱਚ ਮਨਰੀਤ ਕੌਰ 96.40%, ਅਭੀਜੀਤ ਸਿੰਘ 92.6%, ਯੋਗਿਤਾ ਬਾਵਾ 92.4%, ਰਿਪਨਾਜਦੀਪ ਕੌਰ 91.8%, ਐਸ਼ਪ੍ਰੀਤ ਸਿੰਘ , ਅਰਮਾਨਦੀਪ ਸਿੰਘ 91.2% ਨੰਬਰ ਪ੍ਰਾਪਤ ਕੀਤੇ। ਕਾਮਰਸ ਵਿੱਚ ਜਸਲੀਨ ਕੌਰ 86.2%, ਅਮਾਨਤਪ੍ਰੀਤ ਸਿੰਘ 84.8%, ਸੁਹੇਲਪ੍ਰੀਤ ਸਿੰਘ 84.6% ਨੰਬਰ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਬਾਕੀ ਸਾਰੇ ਹੀ ਵਿਦਿਆਰਥੀ ਵਧੀਆ ਨੰਬਰ ਲੈ ਕੇ ਪਾਸ ਹੋਏ। ਸੰਸਥਾ ਵੱਲੋ ਇਹਨਾਂ ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸਦੇ ਨਾਲ ਹੀ ਸ਼ਿਵ ਕੁਮਾਰ 89.8% ਨੂੰ ਮੈਡਲ ਦੇ ਨਾਲ ਹੀ ਵਧੀਆ ਅਨੁਸ਼ਾਸ਼ਨ ਵਿੱਚ ਰਹਿਣ ਕਰਕੇ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਚੇਅਰਮੈਨ ਰਘਬੀਰ ਸਿੰਘ ਸੋਹਲ ਨੇ ਸਾਰੇ ਹੀ ਵਿਦਿਆਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਡਾਇਰੈਕਟਰ ਤੇਜਬੀਰ ਸਿੰਘ ਸੋਹਲ, ਪ੍ਰਿੰਸੀਪਲ ਮਨਤੇਸ਼ ਕੁਮਾਰ, ਡਾਇਰੈਕਟਰ ਜਸਪ੍ਰੀਤ ਕੌਰ ਸੋਹਲ, ਪ੍ਰਿੰਸੀਪਲ ਮਨਪ੍ਰੀਤ ਕੌਰ ਛਿੰਨਾ(ਸੀ ਬੀ ਐਸ ਈ), ਹਰਪ੍ਰੀਤ ਕੌਰ, ਉਪਿੰਦਰਜੀਤ ਕੌਰ, ਅਮਨਦੀਪ ਕੌਰ, ਮੈਡਮ ਆਦਿਤੀ, ਹਰਮਿੰਦਰ ਕੌਰ, ਗੁਰਸਾਹਿਬਜੀਤ ਸਿੰਘ ਵਿਦਿਆਰਥੀਆਂ ਦੇ ਮਾਤਾ ਪਿਤਾ ਅਤੇ ਹੋਰ ਸਟਾਫ ਮੈਂਬਰ ਹਾਜ਼ਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਹਲਕਾ ਇੰਚਾਰਜ ਕਾਤਰੋਂ ਨੇ ਸੇਵਕ ਧੂਰੀ ਦੇ ਕਾਂਗਜ਼ ਦਾਖਲ ਕਰਵਾਏ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਦੇ ਧੂਰੀ ਤੋਂ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਵਾਰਡ ਨੰਬਰ 4 ਤੋਂ ਚੋਣ ਲੜ ਰਹੇ ਹਨ। ਜਿਸ ਤੋਂ ਸਮਾਜ ਸੇਵੀ ਸੇਵਕ ਧੂਰੀ ਨੇ ਆਪਣੇ ਸਾਥੀਆਂ ਸਮੇਤ ਕਾਗਜ਼ ਦਾਖਲ ਕੀਤੇ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸੇਵਕ ਧੂਰੀ ਨੇ ਕਿਹਾ ਉਹ ਵਾਰਡ ਵਿੱਚ ਰਹਿਦੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਵੋਟਰਾਂ ਤੋਂ ਵੋਟਾਂ ਮੰਗਣਗੇ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ ਤੇ ਅਸੀਂ ਧੂਰੀ ਸ਼ਹਿਰ ਲਈ ਯੋਜਨਾਵਾਂ ਤਿਆਰ ਕਰਕੇ ਨਮੂਨੇ ਦਾ ਸਹਿਰ ਬਣਾਉਣ ਵਿੱਚ ਅਪਣਾ ਵਿਸ਼ੇਸ਼ ਯੋਗਦਾਨ ਪਾਵਾਗੇ। ਉਨ੍ਹਾਂ ਵਾਰਡ ਨੰਬਰ 4 ਦੇ ਵਾਸੀਆ ਨੂੰ ਅਪੀਲ ਕੀਤੀ ਕਿ ਵਾਰਡ ਦੇ ਸਰਬਪੱਖੀ ਵਿਕਾਸ ਲਈ ਆਉਣ ਵਾਲੀ 26 ਮਈ ਨੂੰ ਤੱਕੜੀ ਦੇ ਨਿਸ਼ਾਨ 'ਤੇ ਮੋਹਰਾਂ ਲਾ ਕੇ ਕਾਮਯਾਬ ਬਣਾਓ। ਇਸ ਮੌਕੇ ਸਹਿਰੀ ਪ੍ਰਧਾਨ ਸੰਜੀਵ ਕੁਮਾਰ ਪਿੰਟਾ, ਸਰਬਜੀਤ ਸਿੰਘ ਕਾਤਰੋਂ, ਪਰਮਜੀਤ ਸਿੰਘ ਪੰਮਾ, ਹਰਪਾਲ ਸਿੰਘ ਧੂਰਾ, ਨਿਰਭੈ ਸਿੰਘ ਹੇੜੀਕੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਧਾਰਮਿਕ ਸੰਸਥਾਵਾਂ, ਪੰਚਾਇਤਾਂ, ਵਿਦਿਆਰਥੀ ਜਥੇਬੰਦੀਆਂ, ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਲਿਖਵਾਉਣ ਲਈ ਚਲਾਉਣ ਮੁਹਿੰਮ—ਦਲਜੀਤ ਸਿੰਘ ਸਿੱਧੂ



ਫ਼ਿਰੋਜ਼ਪੁਰ, 14 ਮਈ (ਮਨੋਹਰ ਲਾਲ) :— ਦੇਸ਼ ਭਰ ਵਿੱਚ ਕੱਲ ਸ਼ੁਰੂ ਹੋਣ ਜਾ ਰਹੀ ਮਰਦਮਸ਼ੁਮਾਰੀ (ਜਨਗਣਨਾ) ਦੇ ਸਬੰਧ ਵਿੱਚ ਸਾਈ ਮੀਆਂ ਮੀਰ ਫਾਊਂਡੇਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸਿੱਧੂ ਨੇ ਪੰਜਾਬ ਦੇ ਲੋਕਾਂ ਅਤੇ ਵਿਦਿਆਰਥੀ ਜਥੇਬੰਦੀਆਂ ਪੰਚਾਇਤਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਬੇਨਤੀ ਕੀਤੀ ਕਿ ਉਹ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਮੁਹਿੰਮ ਚਲਾਉਣ ਤਾਂ ਜੋ ਅਸੀਂ ਆਪਣੀ ਮਾਤ ਭਾਸ਼ਾ ਨੂੰ ਬਣਦਾ ਦਰਜਾ ਦਿਵਾ ਸਕੀਏ। ਉਨ੍ਹਾਂ ਕਿਹਾ ਕਿ ਮਈ 2027 ਵਿੱਚ ਕੱਲ ਤੋਂ ਸ਼ੁਰੂ ਹੋਣ ਵਾਲੇ ਜਨਗਨਨਾ ਵਿੱਚ ਆਪਣੀ ਪੰਜਾਬੀ ਭਾਸ਼ਾ ਨੂੰ ਮਾਂ ਭਾਸ਼ਾ ਦੇ ਰੂਪ ਵਿੱਚ ਦਰਜ ਕਰਵਾਈਏ। ਗੱਲਬਾਤ ਕਰਦਿਆਂ ਸਿੱਧੂ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਹੋਣ ਵਾਲੀ ਮਰਦਮਸ਼ੁਮਾਰੀ ਵਿੱਚ ਅਸੀਂ ਆਪਣੇ ਨਾਮ ਨਾਲ ਕੌਰ ਅਤੇ ਸਿੰਘ ਸ਼ਬਦ ਦੀ ਵਰਤੋਂ ਕਰੀਏ ਅਤੇ ਵੱਧ ਤੋਂ ਵੱਧ ਆਪਣੀ ਮਾਂ ਭਾਸ਼ਾ ਪੰਜਾਬੀ ਲਿਖਵਾਈਏ ਕਿਉਂਕਿ ਸਰਕਾਰ ਦੁਆਰਾ ਭਵਿੱਖ ਵਿੱਚ ਇਸੇ ਆਧਾਰ ਤੇ ਧਾਰਮਿਕ, ਸਮਾਜਿਕ, ਆਰਥਿਕ ਯੋਜਨਾਵਾਂ ਬਣਦੀਆਂ ਹਨ। ਇਸ ਤਰ੍ਹਾਂ ਕਰਕੇ ਹੀ ਅਸੀਂ ਆਪਣੇ ਪੰਜਾਬ ਦੇ ਹੱਕਾਂ ਲਈ ਆਪਣਾ ਦਾਅਵਾ ਰੱਖ ਸਕਦੇ ਹਾਂ ਜੇਕਰ ਅਸੀਂ ਅਜਿਹਾ ਕਰਨ ਵਿੱਚ ਅਸਫਲ ਹੁੰਦੇ ਹਾਂ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਮੁਆਫ ਨਹੀਂ ਕਰਨਗੀਆਂ। ਉਨ੍ਹਾਂ ਕਿਹਾ ਕਿ ਅਸੀਂ ਇਸ ਬਾਰੇ ਗੁਰਦੁਆਰਿਆਂ ਵਿੱਚ ਆਵਾਜ਼ ਦਵਾ ਕੇ ਸੋਸ਼ਲ ਮੀਡੀਆ ਰਾਹੀਂ ਅਖਬਾਰਾਂ ਰਾਹੀਂ ਆਪਣੇ—ਆਪਣੇ ਪਲੇਟਫਾਰਮ ਰਾਹੀਂ ਆਪਣਾ ਫਰਜ਼ ਸਮਝਦੇ ਹੋਏ ਲੋਕਾਂ ਨੂੰ ਇਸ ਬਾਰੇ ਜਾਣੂ ਕਰਵਾ ਸਕਦੇ ਹਾਂ।

### 1984 ਤੋਂ ਭਾਈ ਨਿੱਝਰ ਦੇ ਕਤਲ ਤਕ, ਸਿੱਖ ਕੌਮ ਅਜੇ ਵੀ ਇਨਸਾਫ਼ ਦੀ ਉਡੀਕ 'ਚ: ਭਾਈ ਰੰਧਾਵਾ, ਭਾਈ ਤੂਰ

# ਭਾਈ ਨਿੱਝਰ ਕੇਸ ਦੀ ਹਰ ਸੁਣਵਾਈ 'ਤੇ ਕੌਮ ਦੀ ਨਿਗਾਹ ਅਗਲੀ ਸੁਣਵਾਈ 8 ਤੋਂ 30 ਜੂਨ ਤੱਕ



**ਨਵੀਂ ਦਿੱਲੀ 14 ਮਈ (ਮਨਪ੍ਰੀਤ ਸਿੰਘ ਖਾਲਸਾ)**:- ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਭਾਈ ਗੁਰਮੀਤ ਸਿੰਘ ਤੂਰ ਨੇ ਮੀਡੀਆ ਨਾਲ ਕੀਤੀ ਗੱਲਬਾਤ ਰਾਹੀਂ ਕਿਹਾ ਕਿ ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਨਾਲ ਜੁੜੇ ਸਬੂਤਾਂ ਨੂੰ ਜਨਤਕ ਨਾ ਕਰਨ ਲਈ ਸਰਕਾਰ ਵੱਲੋਂ ਕੀਤੀ ਗਈ ਅਪੀਲ ਨੇ ਸਿੱਖ ਕੌਮ ਅੰਦਰ ਗੰਭੀਰ ਚਿੰਤਾ ਅਤੇ ਰੋਸ ਪੈਦਾ ਕਰ ਦਿੱਤਾ ਹੈ। ਪੰਥਕ ਧਿਰਾਂ ਦਾ ਸਾਫ਼ ਮੰਨਣਾ ਹੈ ਕਿ ਜੇ ਮਹੱਤਵਪੂਰਨ ਸਬੂਤ ਲੋਕਾਂ ਤੋਂ ਲੁਕਾਏ ਜਾਂਦੇ ਹਨ ਤਾਂ ਇਹ ਨਿਆਂ ਪ੍ਰਕਿਰਿਆ ਦੀ ਪਾਰਦਰਸ਼ਤਾ 'ਤੇ ਸਿੱਧਾ ਸਵਾਲ ਖੜ੍ਹਾ ਕਰਦਾ ਹੈ। ਸੱਚ ਨੂੰ ਦਬਾਉਣ ਜਾਂ ਜਾਂਚ ਨੂੰ ਗੁਪਤ ਰੱਖਣ ਦੀ ਹਰ ਕੋਸ਼ਿਸ਼ ਨਾਲ ਲੋਕਾਂ ਦਾ ਭਰੋਸਾ ਕਮਜ਼ੋਰ ਹੁੰਦਾ ਹੈ ਅਤੇ ਸਿੱਖ ਕੌਮ ਵਿੱਚ ਅਣਵਿਸ਼ਵਾਸ ਹੋਰ ਵਧਦਾ ਹੈ। ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਭਾਈ ਗੁਰਮੀਤ ਸਿੰਘ ਤੂਰ ਨੇ ਕਿਹਾ ਕਿ ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਦੇ ਕਤਲ ਦਾ ਨਹੀਂ, ਸਗੋਂ ਸਿੱਖ ਕੌਮ ਦੀ ਅਸਮੀਤਾ ਅਤੇ ਨਿਆਂ ਨਾਲ ਜੁੜਿਆ ਮਾਮਲਾ ਹੈ। ਇਸ ਲਈ ਜਾਂਚ ਪੂਰੀ ਤਰ੍ਹਾਂ ਖੁੱਲ੍ਹੀ, ਨਿਰਪੱਖ ਅਤੇ ਪਾਰਦਰਸ਼ੀ ਹੋਣੀ ਚਾਹੀਦੀ ਹੈ ਤਾਂ ਜੋ ਸੱਚਾਈ ਲੋਕਾਂ ਸਾਹਮਣੇ ਆ ਸਕੇ। ਉਨ੍ਹਾਂ ਦਸਿਆ ਕਿ ਭਾਰਤੀ ਅੰਬੈਸੀ ਮੂਹਰੇ 18 ਮਈ ਨੂੰ ਹੋਣ ਵਾਲੇ ਰੋਸ ਪ੍ਰਦਰਸ਼ਨਾਂ ਵਿੱਚ ਇਸ ਮਸਲੇ ਨੂੰ ਮੁੱਖ ਤੌਰ 'ਤੇ ਉਠਾਇਆ ਜਾਵੇਗਾ ਅਤੇ ਸਿੱਖ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਇਕੱਠ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਭਾਈ ਗੁਰਮੀਤ ਸਿੰਘ ਤੂਰ ਨੇ ਦਸਿਆ ਕਿ ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਦੀ ਅਗਲੀ ਸੁਣਵਾਈ 8 ਜੂਨ ਤੋਂ 30 ਜੂਨ ਤਕ ਚਲੇਗੀ, ਜਿਸ ਦੌਰਾਨ ਅਦਾਲਤ ਵਿੱਚ ਕਈ ਮਹੱਤਵਪੂਰਨ ਪੱਖਾਂ ਅਤੇ ਸਬੂਤਾਂ 'ਤੇ ਚਰਚਾ ਹੋਣ ਦੀ ਸੰਭਾਵਨਾ ਹੈ। ਪੰਥਕ ਧਿਰਾਂ ਦਾ ਕਹਿਣਾ ਹੈ ਕਿ ਕੌਮ ਦੀ ਨਿਗਾਹ ਹੁਣ ਇਸ ਸੁਣਵਾਈ 'ਤੇ ਟਿਕੀ ਹੋਈ ਹੈ ਅਤੇ ਉਹ ਨਿਆਂ ਦੀ ਪੂਰੀ ਉਮੀਦ ਕਰਦੇ ਹਨ। ਇਸ ਦੌਰਾਨ ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਭਾਈ ਗੁਰਮੀਤ ਸਿੰਘ ਤੂਰ ਨੇ ਦਲਜੀਤ ਦੁਸਾਂਝ ਦੇ ਕੈਲੀਫੋਰਨੀਆ ਪ੍ਰੋਗਰਾਮ ਦੌਰਾਨ ਖਾਲਿਸਤਾਨੀ ਝੰਡੇ ਲਹਿਰਾਏ ਜਾਣ ਦੇ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਦਲਜੀਤ ਦੁਸਾਂਝ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਆਦਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦ ਤੱਕ ਦਲਜੀਤ ਦੁਸਾਂਝ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਅਮਿਤਾਭ ਬੱਚਨ ਦੇ ਪੈਰ ਛੂਹਣ ਵਾਲੀ ਘਟਨਾ ਲਈ ਖੁੱਲ੍ਹੇ ਤੌਰ 'ਤੇ ਖੇਦ ਪ੍ਰਗਟ ਨਹੀਂ ਕਰਦੇ, ਜਿਸਨੂੰ ਸਿੱਖ 1984 ਸਿੱਖ ਕਤਲੇਆਮ ਨਾਲ ਜੁੜੀਆਂ ਯਾਦਾਂ ਅਤੇ ਭਾਵਨਾਵਾਂ ਨਾਲ ਜੋੜਦੇ ਹਨ, ਤਦ ਤੱਕ ਉਨ੍ਹਾਂ ਦੇ ਆਉਣ ਵਾਲੇ ਪ੍ਰੋਗਰਾਮਾਂ ਦਾ ਵਿਰੋਧ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਇਹ ਮਸਲਾ ਕਿਸੇ ਵਿਅਕਤੀ ਵਿਰੋਧ ਦਾ ਨਹੀਂ, ਸਗੋਂ ਸਿੱਖ ਕੌਮ ਦੀ ਇਤਿਹਾਸਕ ਪੀੜਾ, ਸਨਮਾਨ ਅਤੇ ਸਿਧਾਂਤਾਂ ਨਾਲ ਜੁੜਿਆ ਮਾਮਲਾ ਹੈ, ਜਿਸ 'ਤੇ ਕੌਮ ਕਿਸੇ ਵੀ ਤਰ੍ਹਾਂ ਦੀ ਚੁੱਪ ਬਰਦਾਸ਼ਤ ਨਹੀਂ ਕਰੇਗੀ।

# ਦਸਮੇਸ਼ ਸਕੂਲ ਮਹਿਤਾ ਦਾ ਬਾਰ੍ਹਵੀਂ ਦਾ ਨਤੀਜਾ ਰਿਹਾ ਸ਼ਾਨਦਾਰ

### ਅਰਸ਼ਦੀਪ ਕੌਰ (480/500 , ਪ੍ਰਭਜੋਤ ਕੌਰ (479/500),ਦਲਬੀਰ ਸਿੰਘ (475/500),ਜਸਕਰਨਦੀਪ ਸਿੰਘ (475/500)ਅੰਕ ਲੈ ਕੇ ਹਾਸਿਲ ਕਰਕੇ ਕੀਤਾ ਪਹਿਲਾ, ਦੂਜਾ ਤੇ ਤੀਜਾ ਸਥਾਨ-ਡਾਇਰੈਕਟਰ ਹਰਸ਼ਦੀਪ ਸਿੰਘ ਰੰਧਾਵਾ



**ਚੌਕ ਮਹਿਤਾ,14 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਕਲਾਸ ਦੇ ਨਤੀਜੇ ਵਿੱਚ ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਪਬਲਿਕ ਸੀਨੀ. ਸੈਕੰ. ਸਕੂਲ ਮਹਿਤਾ ਚੌਂਕ ਦਾ ਨਤੀਜਾ 100% ਰਿਹਾ। ਬਾਰ੍ਹਵੀਂ ਜਮਾਤ ਦੇ ਕੁੱਲ 109 ਵਿਦਿਆਰਥੀਆਂ ਨੇ, ਜਿਸ ਵਿੱਚ ਮੈਡੀਕਲ 37, ਕਾਮਰਸ 47 ਅਤੇ ਆਰਟਸ ਸਟਰੀਮ ਦੇ 26 ਵਿਦਿਆਰਥੀਆਂ ਦੁਆਰਾ ਸਲਾਨਾ ਪ੍ਰੀਖਿਆ ਦਿੱਤੀ ਗਈ।

ਸਕੂਲ ਦੀ ਮੈਡੀਕਲ ਸਟਰੀਮ ਦੀ ਵਿਦਿਆਰਥਣ ਸੰਦੀਪ ਕੌਰ ਨੇ 470/500 (94%) ਅੰਕ ਹਾਸਿਲ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ। ਇਸੇ ਤਰਾ ਗਗਨਪ੍ਰੀਤ ਕੌਰ ਨੇ 469/500 (93.8%) ਅੰਕ ਹਾਸਿਲ ਕਰਕੇ ਦੂਸਰਾ ਅਤੇ ਕੋਮਲਪ੍ਰੀਤ ਕੌਰ ਨੇ 465/500 (93%) ਅੰਕ ਹਾਸਿਲ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ।

ਕਾਮਰਸ ਗਰੁੱਪ ਦੇ ਵਿਦਿਆਰਥੀ ਜਸ਼ਕਰਨਦੀਪ ਸਿੰਘ ਤੇ ਦਲਬੀਰ ਸਿੰਘ ਨੇ 475/500 (95%) ਅੰਕ ਹਾਸਿਲ ਕਰਕੇ ਪਹਿਲਾ, ਜੈਸਮੀਨ ਕੌਰ ਨੇ 465 /500 (93%) ਅੰਕ ਹਾਸਿਲ ਕਰਕੇ ਦੂਸਰਾ ਅਤੇ ਦਿਲਪ੍ਰੀਤ ਕੌਰ ਨੇ 463/500 (92.6%) ਅੰਕ ਹਾਸਿਲ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ।

ਆਰਟਸ ਸਟਰੀਮ ਦੀ ਅਰਸ਼ਦੀਪ ਕੌਰ ਨੇ 480 /500 (96%) ਅੰਕ ਹਾਸਿਲ ਕਰਕੇ ਪਹਿਲਾ, ਪ੍ਰਭਜੋਤ ਕੌਰ ਨੇ 479/500 (95.8%) ਅੰਕ ਹਾਸਿਲ ਕਰਕੇ ਦੂਸਰਾ ਅਤੇ ਮਨਜਿੰਦਰ ਕੌਰ ਨੇ 455/500 (91%) ਅੰਕ ਹਾਸਿਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਮੈਡੀਕਲ ਸਟਰੀਮ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 6 ਵਿਦਿਆਰਥੀ, 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 13 ਵਿਦਿਆਰਥੀ ਰਹੇ। 70% ਤੋਂ ਵੱਧ 15 ਵਿਦਿਆਰਥੀ ਤੇ 60% ਤੋਂ ਵੱਧ 03 ਵਿਦਿਆਰਥੀ ਰਹੇ।

ਕਾਮਰਸ ਸਟਰੀਮ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 08 ਵਿਦਿਆਰਥੀ, 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 35 ਵਿਦਿਆਰਥੀ, 70% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 04 ਵਿਦਿਆਰਥੀ ਰਹੇ। ਆਰਟਸ ਸਟਰੀਮ ਦੇ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 03 ਵਿਦਿਆਰਥੀ, 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 03 ਵਿਦਿਆਰਥੀ, 70% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 15 ਵਿਦਿਆਰਥੀ, 60% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 04 ਵਿਦਿਆਰਥੀ ਰਹੇ।

ਚੇਅਰਮੈਨ ਸ. ਗੁਰਦੀਪ ਸਿੰਘ ਰੰਧਾਵਾ ਨੇ ਬਾਰ੍ਹਵੀਂ ਜਮਾਤ ਦਾ ਸ਼ਾਨਦਾਰ ਨਤੀਜਾ ਆਉਣ 'ਤੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਭ ਪ੍ਰਮਾਤਮਾ ਦੇ ਓਟ ਆਸਰੇ, ਸਮੁੱਚੇ ਸਟਾਫ਼ ਦੀ ਯੋਗ ਅਗਵਾਈ , ਵਿਦਿਆਰਥੀਆਂ ਦੀ ਮਿਹਨਤ ਅਤੇ ਮਾਤਾ-ਪਿਤਾ ਦੀ ਪ੍ਰੇਰਨਾ ਸਦਕਾ ਹੀ ਸੰਭਵ ਹੋ ਸਕਿਆ ਹੈ। ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਹਨਾਂ ਨੇ ਦੱਸਿਆ ਕਿ ਉਹ ਭਵਿੱਖ ਵਿੱਚ ਚੰਗੇ ਡਾਕਟਰ, ਬਿਜ਼ਨਸਮੈਨ ਅਤੇ ਚੰਗੇ ਅਧਿਆਪਕ ਬਣ ਕੇ ਲੋਕ ਸੇਵਾ ਕਰਨਾ ਚਾਹੁੰਦੇ ਹਨ। ਬਾਰ੍ਹਵੀਂ ਜਮਾਤ ਦਾ ਸ਼ਾਨਦਾਰ ਨਤੀਜਾ ਆਉਣ 'ਤੇ ਸਮੁੱਚੇ ਸਟਾਫ਼ ਅਤੇ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਹਰਸ਼ਦੀਪ ਸਿੰਘ ਰੰਧਾਵਾ ਵੱਲੋਂ ਵੀ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ, ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਵੀ ਏਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਆ। ਇਸ ਮੌਕੇ ਪ੍ਰਿੰਸੀਪਲ ਮੈ: ਗੁਰਬੀਰ ਕੌਰ, ਡਾਇਰੈਕਟਰ ਮੈ: ਹਰਪ੍ਰੀਤ ਕੌਰ, ਕੋਆਰਡੀਨੇਟਰ ਅੰਮ੍ਰਿਤਪਾਲ ਸਿੰਘ , ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

### ਗੁਰੂ ਘਰ ਦੀ ਗੋਲਕ ਦੇ ਪੈਸੇ ਦੀ ਦੁਰਵਰਤੋਂ ਮਾਮਲੇ 'ਚ

# ਮਨਜੀਤ ਸਿੰਘ ਜੀ.ਕੇ. ਖਿਲਾਫ ਦੋ ਐਫਆਈਆਰ ਦਰਜ: ਕਾਲਕਾ, ਕਾਹਲੋਂ




ਨਵੀਂ ਦਿੱਲੀ, 14 ਮਈ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਖਿਲਾਫ ਗੋਲਕ ਦੇ ਪੈਸੇ ਦੀ ਕਥਿਤ ਦੁਰਵਰਤੋਂ ਸਬੰਧੀ ਦੋ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਅਦਾਲਤ ਨੇ ਇਕ ਮਾਮਲੇ ਵਿੱਚ ਪਹਿਲਾਂ ਹੀ ਨੋਟਿਸ ਜਾਰੀ ਕੀਤਾ ਹੋਇਆ ਹੈ, ਜਦਕਿ ਤਾਜ਼ਾ ਮਾਮਲੇ ਵਿੱਚ ਸੰਮਨ ਜਾਰੀ ਕੀਤੇ ਗਏ ਹਨ। ਪ੍ਰੈਸ ਕਾਨਫਰੰਸ ਦੌਰਾਨ ਕਾਲਕਾ ਅਤੇ ਕਾਹਲੋਂ ਨੇ ਦੱਸਿਆ ਕਿ ਐਫਆਈਆਰ ਨੰਬਰ 3/2019 ਨਾਰਥ ਐਵੇਨਿਊ ਥਾਣੇ ਵਿੱਚ ਦਰਜ ਹੈ। ਇਸ ਵਿੱਚ ਦੋਸ਼ ਹੈ ਕਿ ਕੈਨੇਡਾ ਤੋਂ ਚੈਕ ਰਾਹੀਂ ਆਏ ਇਕ ਲੱਖ ਕੈਨੇਡੀਅਨ ਡਾਲਰ ਦੀ ਰਕਮ ਦੇ ਮਾਮਲੇ ਵਿੱਚ ਜਾਅਲੀ ਬੈਂਕ ਵਾਊਚਰ ਤਿਆਰ ਕਰਕੇ ਹੇਰਾਫੇਰੀ ਕੀਤੀ ਗਈ। ਉਹਨਾਂ ਇਹ ਵੀ ਦੋਸ਼ ਲਗਾਇਆ ਕਿ 'ਸਾਡੀ ਵਿਰਾਸਤ' ਨਾਮ ਦੀ ਕਿਤਾਬ ਦੇ ਪ੍ਰਕਾਸ਼ਨ ਅਤੇ ਰੈਨਬੀ ਕਲੋਥਿੰਗ ਪ੍ਰਾਈਵੇਟ ਲਿਮਿਟਡ ਰਾਹੀਂ ਸਮਾਨ ਸਪਲਾਈ ਦੇ ਨਾਂ 'ਤੇ ਵੀ ਵਿੱਤੀ ਬੇਨਿਯਮੀਆਂ ਕੀਤੀਆਂ ਗਈਆਂ। ਇਸ ਮਾਮਲੇ ਵਿੱਚ ਆਈਪੀਸੀ ਦੀਆਂ ਧਾਰਾਵਾਂ 406, 409, 471, 477ਏ ਅਤੇ 120ਬੀ ਤਹਿਤ ਕਾਰਵਾਈ ਹੋ ਰਹੀ ਹੈ। ਇਸ ਤੋਂ ਇਲਾਵਾ ਐਫਆਈਆਰ ਨੰਬਰ 192/2020 ਵਿੱਚ ਵੀ ਗਬਨ ਅਤੇ ਰਕਮ ਐਡਜਸਟ ਕਰਨ ਸਬੰਧੀ ਦੋਸ਼ ਲਗਾਏ ਗਏ ਹਨ। ਉਹਨਾਂ ਦੱਸਿਆ ਕਿ ਵਿਦੇਸ਼ਾਂ ਤੋਂ ਆਉਣ ਵਾਲੀ ਸੰਗਤ ਵੱਲੋਂ ਗੁਰੂ ਘਰਾਂ ਵਿੱਚ ਭੇਟ ਕੀਤੀ ਗਈ ਵਿਦੇਸ਼ੀ ਕਰੰਸੀ ਦੇ ਇਸਤੇਮਾਲ ਸਬੰਧੀ ਵੀ ਗੰਭੀਰ ਸਵਾਲ ਉਠੇ ਹਨ। ਇਸ ਤੋਂ ਇਲਾਵਾ ਜੀਟੀਬੀ ਆਈਟੀ ਇੰਸਟੀਚਿਊਟ ਨੂੰ ਦਿੱਤੇ ਗਏ 10 ਲੱਖ ਰੁਪਏ ਦੇ ਭੁਗਤਾਨ ਵਿੱਚ ਵੀ ਬੇਨਿਯਮੀਆਂ ਦੇ ਦੋਸ਼ ਲਗੇ ਹਨ। ਕਮੇਟੀ ਅਧਿਕਾਰੀਆਂ ਅਨੁਸਾਰ ਜਾਂਚ ਦੌਰਾਨ ਕੁਝ ਦਸਤਾਵੇਜ਼ਾਂ ਅਤੇ ਦਸਤਖ਼ਤਾਂ ਸਬੰਧੀ ਵੀ ਵਿਰੋਧਾਭਾਸ ਸਾਹਮਣੇ ਆਏ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ। ਕਾਲਕਾ ਅਤੇ ਕਾਹਲੋਂ ਨੇ ਦੱਸਿਆ ਕਿ ਜੀ.ਕੇ. ਇਸ ਵੇਲੇ ਜ਼ਮਾਨਤ 'ਤੇ ਹਨ ਅਤੇ ਮਾਮਲਿਆਂ ਦੀ ਸੁਣਵਾਈ ਅਦਾਲਤ ਵਿੱਚ ਜਾਰੀ ਹੈ।

# ਦਮਦਮੀ ਟਕਸਾਲ ਦੇ ਸ਼ਹੀਦੀ ਸਮਾਗਮਾਂ ਪ੍ਰਤੀ ਸੰਗਤ 'ਚ ਭਾਰੀ ਉਤਸ਼ਾਹ : ਬਾਬਾ ਚੰਨਣਕੇ



**ਚੌਕ ਮਹਿਤਾ,14 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਵੱਲੋਂ ਜੂਨ 1984 (ਘੱਲੂਘਾਰੇ) ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਮਹਾਨ ਸ਼ਹੀਦੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸੰਤ ਸਮਾਜ ਦੇ ਪ੍ਰਧਾਨ ਤੇ ਦਮਦਮੀ ਟਕਸਾਲ ਦੇ ਮੁੱਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਵਿੱਚ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਨੇ ਗੱਲਬਾਤ ਦੌਰਾਨ ਕੀਤਾ, ਉਨ੍ਹਾਂ ਦੱਸਿਆ ਕਿ ਦਮਦਮੀ ਟਕਸਾਲ ਵੱਲੋਂ 6 ਜੂਨ ਦੇ ਇਸ ਸ਼ਹੀਦੀ ਸਮਾਗਮ ਨੂੰ ਸਮਰਪਿਤ ਵੱਖ ਵੱਖ ਪਿੰਡਾਂ ਵਿੱਚ ਜੋ ਕਥਾ ਕੀਰਤਨ ਸਮਾਗਮ ਕਰਵਾਏ ਜਾ ਰਹੇ ਹਨ, ਇਨ੍ਹਾਂ ਸਮਾਗਮਾਂ ਨੂੰ ਲੈ ਕਰ ਕੇ ਵਿੱਚ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

## ਦੁੱਧ ਦੀਆਂ ਵਧਦੀਆਂ ਕੀਮਤਾਂ ਨਾਲ ਆਮ ਲੋਕ ਪਰੇਸ਼ਾਨ : ਨੈਸ਼ਨਲ ਅਕਾਲੀ ਦਲ




ਨਵੀਂ ਦਿੱਲੀ 14 ਮਈ (ਮਨਪ੍ਰੀਤ ਸਿੰਘ ਖਾਲਸਾ):- ਨੈਸ਼ਨਲ ਅਕਾਲੀ ਦਲ ਦੀ ਮਹਿਲਾ ਵਿੰਗ ਦੀ ਰਾਸ਼ਟਰੀ ਪ੍ਰਧਾਨ ਭਾਵਨਾ ਧਵਨ, ਸੀਨੀਅਰ ਉਪ ਪ੍ਰਧਾਨ ਰੇਨੂ ਲੂਥਰਾ ਅਤੇ ਸੋਸ਼ਲ ਵਿੰਗ ਦੀ ਰਾਸ਼ਟਰੀ ਪ੍ਰਧਾਨ ਰਸ਼ਮੀਤ ਕੌਰ ਬਿੰਦਰਾ ਨੇ ਦੁੱਧ ਦੀਆਂ ਲਗਾਤਾਰ ਵੱਧ ਰਹੀਆਂ ਕੀਮਤਾਂ 'ਤੇ ਗੰਭੀਰ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਵਧਦੀ ਮਹਿੰਗਾਈ ਦਾ ਸਭ ਤੋਂ ਵੱਧ ਅਸਰ ਆਮ ਅਤੇ ਮੱਧ ਵਰਗ ਦੇ ਪਰਿਵਾਰਾਂ 'ਤੇ ਪੈ ਰਿਹਾ ਹੈ। ਦੁੱਧ ਹਰ ਘਰ ਦੀ ਰੋਜ਼ਾਨਾ ਦੀ ਲੋੜ ਹੈ, ਪਰ ਇਸ ਦੀਆਂ ਵਧਦੀਆਂ ਕੀਮਤਾਂ ਨੇ ਲੋਕਾਂ ਦਾ ਘਰੇਲੂ ਬਜਟ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਭਾਵਨਾ ਧਵਨ ਅਤੇ ਰਸ਼ਮੀਤ ਕੌਰ ਬਿੰਦਰਾ ਨੇ ਕਿਹਾ ਕਿ ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਮਰੀਜ਼ਾਂ ਲਈ ਦੁੱਧ ਇਕ ਜ਼ਰੂਰੀ ਪੌਸ਼ਟਿਕ ਆਹਾਰ ਹੈ। ਅਜਿਹੇ ਵਿੱਚ ਦੁੱਧ ਮਹਿੰਗਾ ਹੋਣ ਨਾਲ ਪਰਿਵਾਰਾਂ 'ਤੇ ਵਾਧੂ ਆਰਥਿਕ ਬੋਝ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਰਸੋਈ ਗੈਸ, ਸਬਜ਼ੀਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਪਹਿਲਾਂ ਹੀ ਆਸਮਾਨ ਛੂਹ ਰਹੀਆਂ ਹਨ ਅਤੇ ਹੁਣ ਦੁੱਧ ਦੇ ਰੇਟ ਵਧਣ ਨਾਲ ਲੋਕਾਂ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ। ਉਨ੍ਹਾਂ ਦੱਸਿਆ ਕਿ ਖ਼ਾਸ ਕਰਕੇ ਨੌਕਰੀਪੇਸ਼ਾ, ਘੱਟ ਆਮਦਨ ਵਾਲੇ ਅਤੇ ਨੀਵੇਂ ਮੱਧ ਵਰਗ ਦੇ ਪਰਿਵਾਰਾਂ ਲਈ ਘਰ ਦਾ ਖਰਚ ਚਲਾਉਣਾ ਦਿਨੋਂ-ਦਿਨ ਔਖਾ ਹੁੰਦਾ ਜਾ ਰਿਹਾ ਹੈ। ਮਹਿੰਗਾਈ ਦਾ ਸਿੱਧਾ ਅਸਰ ਲੋਕਾਂ ਦੀ ਰਸੋਈ 'ਤੇ ਨਜ਼ਰ ਆ ਰਿਹਾ ਹੈ। ਇਸ ਦੌਰਾਨ ਰੇਨੂ ਲੂਥਰਾ ਨੇ ਦੱਸਿਆ ਕਿ ਉਹ ਪੀਰਾਗੜ੍ਹੀ ਖੇਤਰ ਵਿੱਚ ਇੱਕ ਬਜ਼ੁਰਗ ਆਸ਼ਰਮ ਚਲਾ ਰਹੀ ਹਨ, ਜਿੱਥੇ ਬਜ਼ੁਰਗਾਂ ਦੀ ਸਿਹਤ ਅਤੇ ਦੇਖਭਾਲ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਸ਼ਰਮ ਵਿੱਚ ਰਹਿੰਦੇ ਬਜ਼ੁਰਗਾਂ ਲਈ ਦੁੱਧ ਸਭ ਤੋਂ ਜ਼ਰੂਰੀ ਖੁਰਾਕਾਂ ਵਿੱਚੋਂ ਇੱਕ ਹੈ, ਕਿਉਂਕਿ ਕਈ ਬਜ਼ੁਰਗਾਂ ਨੂੰ ਦਵਾਈਆਂ ਦੇ ਨਾਲ ਨਿਯਮਿਤ ਤੌਰ 'ਤੇ ਦੁੱਧ ਦੇਣਾ ਲਾਜ਼ਮੀ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਆਸ਼ਰਮ ਵਿੱਚ ਸਵੇਰੇ-ਸ਼ਾਮ ਬਜ਼ੁਰਗਾਂ ਨੂੰ ਦੁੱਧ ਦਿੱਤਾ ਜਾਂਦਾ ਹੈ, ਪਰ ਕੀਮਤਾਂ ਵਧਣ ਕਾਰਨ ਹਰ ਮਹੀਨੇ ਦਾ ਖਰਚ ਕਾਫ਼ੀ ਵੱਧ ਗਿਆ ਹੈ। ਇਸ ਨਾਲ ਸਮਾਜਿਕ ਸੰਸਥਾਵਾਂ ਦੇ ਬਜਟ 'ਤੇ ਵੀ ਸਿੱਧਾ ਅਸਰ ਪੈ ਰਿਹਾ ਹੈ। ਨੈਸ਼ਨਲ ਅਕਾਲੀ ਦਲ ਦੀਆਂ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਮਹਿੰਗਾਈ 'ਤੇ ਕਾਬੂ ਪਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ, ਤਾਂ ਜੋ ਆਮ ਲੋਕਾਂ, ਸਮਾਜਿਕ ਸੰਸਥਾਵਾਂ ਅਤੇ ਲੋੜਵੰਦਾਂ ਨੂੰ ਰਾਹਤ ਮਿਲ ਸਕੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਸਮੇਂ ਸਿਰ ਮਹਿੰਗਾਈ 'ਤੇ ਕੰਟਰੋਲ ਨਾ ਕੀਤਾ ਗਿਆ ਤਾਂ ਆਮ ਲੋਕਾਂ ਦੀਆਂ ਮੁਸ਼ਕਲਾਂ ਹੋਰ ਵੱਧ ਸਕਦੀਆਂ ਹਨ। ਆਗੂਆਂ ਨੇ ਸਮਾਜ ਨੂੰ ਵੀ ਅਪੀਲ ਕੀਤੀ ਕਿ ਲੋੜਵੰਦ ਪਰਿਵਾਰਾਂ, ਬਜ਼ੁਰਗਾਂ ਅਤੇ ਸਮਾਜਿਕ ਸੰਸਥਾਵਾਂ ਦੀ ਮਦਦ ਲਈ ਅੱਗੇ ਆਉਣ, ਤਾਂ ਜੋ ਇਸ ਮੁਸ਼ਕਲ ਸਮੇਂ ਵਿੱਚ ਸਭ ਨੂੰ ਸਹਾਰਾ ਮਿਲ ਸਕੇ।

## ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ-ਜੂਨ 1984 ਦਾ ਸਾਕਾ ਨੀਲਾ ਤਾਰਾ ਸਿੱਖ ਕੌਮ ਦੇ ਇਤਿਹਾਸ ਦਾ ਸਭ ਤੋਂ ਦਰਦਨਾਕ ਅਧਿਆਇ- ਗੁਰਪ੍ਰੀਤ ਸਿੰਘ ਫ਼ਤਿਹ



**ਚੌਕ ਮਹਿਤਾ, 14 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਜੂਨ 1984 ਦਾ ਸਾਕਾ ਨੀਲਾ ਤਾਰਾ ਸਿੱਖ ਕੌਮ ਦੇ ਇਤਿਹਾਸ ਦਾ ਸਭ ਤੋਂ ਦਰਦਨਾਕ ਅਧਿਆਇ ਹੈ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਵੱਲੋਂ ਕੀਤੇ ਗਏ ਫੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਵਿਸ਼ੇਸ਼ ਸ਼ਹੀਦੀ ਸਮਾਗਮ 7 ਜੂਨ 2026 ਨੂੰ ਸ੍ਰੀ ਨਗਰ, ਕਸ਼ਮੀਰ ਵਿਖੇ ਕਰਵਾਇਆ ਜਾ ਰਿਹਾ ਹੈ।

ਭਾਈ ਗੁਰਪ੍ਰੀਤ ਸਿੰਘ ਫ਼ਤਿਹ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਕਰਵਾਏ ਜਾ ਰਹੇ ਇਸ ਸਮਾਗਮ ਦਾ ਮਕਸਦ ਨੌਜਵਾਨ ਪੀੜ੍ਹੀ ਨੂੰ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਕੁਰਬਾਨੀ ਤੋਂ ਜਾਣੂ ਕਰਵਾਉਣਾ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਅਤੇ ਹਜ਼ਾਰਾਂ ਨਿਹੱਥੇ ਸ਼ਰਧਾਲੂਆਂ ਨੇ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਲਈ ਆਪਣੇ ਪ੍ਰਾਣ ਵਾਰ ਦਿੱਤੇ। ਉਨ੍ਹਾਂ ਦਾ ਖ਼ੂਨ ਅੱਜ ਵੀ ਕੌਮ ਨੂੰ ਜ਼ੁਲਮ ਖਿਲਾਫ ਲੜਨ ਦਾ ਸੁਨੇਹਾ ਦਿੰਦਾ ਹੈ।

ਸ੍ਰੀ ਨਗਰ ਦੀ ਧਰਤੀ ਦੀ ਚੋਣ ਇਸ ਲਈ ਕੀਤੀ ਗਈ ਕਿਉਂਕਿ ਕਸ਼ਮੀਰ ਵੀ ਦਹਾਕਿਆਂ ਤੋਂ ਜ਼ਬਰ ਦਾ ਸ਼ਿਕਾਰ ਰਿਹਾ ਹੈ। ਇੱਥੋਂ ਦੀ ਸਿੱਖ ਸੰਗਤ ਨੇ 1984 ਦੇ ਜ਼ਖਮਾਂ ਨੂੰ ਹੰਢਾਇਆ ਹੈ। ਸਮਾਗਮ ਦੌਰਾਨ ਅਰਦਾਸ, ਕੀਰਤਨ ਅਤੇ ਵਿਦਵਾਨ ਬੁਲਾਰੇ ਸਾਕਾ ਨੀਲਾ ਤਾਰਾ ਦੇ ਕਾਰਨਾਂ ਅਤੇ ਦਿੱਲੀ ਦਰਬਾਰ ਦੀ ਸਿੱਖ-ਮਾਰੂ ਨੀਤੀ ਨੂੰ ਨੰਗਾ ਕਰਨਗੇ। ਫੈਡਰੇਸ਼ਨ ਸਪੱਸ਼ਟ ਕਰਦੀ ਹੈ ਕਿ ਜੂਨ 1984 ਦਾ ਇਨਸਾਫ ਲੈ ਕੇ ਰਹਾਂਗੇ। ਜਦ ਤੱਕ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ, ਕੌਮ ਦਾ ਰੋਸ ਸ਼ਾਂਤ ਨਹੀਂ ਹੋਵੇਗਾ। ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਵੱਧ-ਚੜ੍ਹ ਕੇ ਸਮਾਗਮ ਵਿੱਚ ਸ਼ਾਮਲ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਤੇਲ, ਡੀਜਲ, ਗੈਸ, ਘਰੇਲੂ ਵਸਤਾਂ ਆਦਿ ਦੀਆਂ

# ਵਧਦੀਆਂ ਕੀਮਤਾਂ ਤੇ ਕਾਬੂ ਪਾਵੇ ਸਰਕਾਰ—ਭੁੱਲਰ, ਦਿਉਲ





ਫ਼ਿਰੋਜ਼ਪੁਰ, 14 ਮਈ (ਮਨੋਹਰ ਲਾਲ) :— ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਇੱਕ ਮੰਗ ਪੱਤਰ ਡਿਪਟੀ ਕਮਿਸ਼ਨਰ ਫਿਰੋਜਪੁਰ ਰਾਹੀ ਪ੍ਰੈਜੀਡੈਂਟ ਇੰਡੀਆ ਨਵੀਂ ਦਿੱਲੀ ਬੀਬੀ ਦਰੋਪਦੀ ਮੁਰਮੂ ਜੀ ਨੂੰ ਭੇਜਿਆ ਗਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸਟੇਟ ਪਾਰਟੀ ਲੰਬੇ ਸਮੇਂ ਤੋਂ ਜਮਹੂਰੀਅਤ ਅਤੇ ਅਮਨ ਮਈ ਢੰਗ ਨਾਲ ਬੇਗਮਪੁਰਾ ਸ਼ਹਿਰ ਕੋ ਨਾਉ ਦੀ ਮਨੁੱਖਤਾ ਪੱਖੀ ਬਰਾਬਰਤਾ ਵਾਲਾ ਸਾਫ ਸੁਥਰੇ ਤੇ ਰਿਸ਼ਵਤ ਤੋਂ ਰਹਿਤ ਪ੍ਰਬੰਧ ਅਤੇ ਨਜਾਇਮ ਨੂੰ ਕਾਇਮ ਕਰਨ ਦੀ ਸੋਚ ਤੇ ਅਧਾਰਤ ਖਾਲਸਾ ਰਾਜ ਲਈ ਜਦੋ ਜਹਿਦ ਕਰਦਾ ਆ ਰਿਹਾ ਹੈ, ਪਰ ਗਲਫ ਵਿੱਚ ਵੱਧਦੇ ਤਨਾਅ ਇਜਰਾਈਲ, ਅਮਰੀਕਾ, ਇਰਾਨ ਜੰਗ ਦੀ ਬਦੌਲਤ ਤੇਲ ਡੀਜ਼ਲ ਗੈਸ ਖਾਣ ਪੀਣ ਦੀਆਂ ਵਸਤਾਂ ਮਹਿੰਗੀਆਂ ਹੋਣ ਦੀ ਬਦੌਲਤ ਕਿਸਾਨ, ਵਪਾਰੀ, ਮਜ਼ਦੂਰ ਗਰੀਬ ਵਰਗ, ਦੁਕਾਨਦਾਰ, ਟਰਾਂਸਪੋਰਟ ਸਬਜੀਆਂ ਖਰੀਦਣ ਤੇ ਵੇਚਣ ਵਾਲਿਆਂ ਦੇ ਵਪਾਰ ਅਤੇ ਉਨ੍ਹਾਂ ਦੀ ਆਰਥਿਕ ਸਥਿਤੀ ਉੱਤੇ ਬਹੁਤ ਡੂੰਘਾ ਤੇ ਪੀੜਾ ਦੇਣ ਵਾਲਾ ਅਸਰ ਪਿਆ ਹੈ। ਗੱਲਬਾਤ ਕਰਦਿਆਂ ਗੁਰਚਰਨ ਸਿੰਘ ਭੁੱਲਰ ਜਿਲਾ ਪ੍ਰਧਾਨ ਅਤੇ ਤੇਜਿੰਦਰ ਸਿੰਘ ਦਿਓਲ ਯੂਥ ਪ੍ਰਧਾਨ ਪੰਜਾਬ ਨੇ ਕਿਹਾ ਕਿ ਭਾਵੇਂ ਇਹ ਮਹਿੰਗਾਈ ਦਾ ਪ੍ਰਭਾਵ ਅਮੀਰ ਗਰੀਬ ਸਭ ਵਰਗਾਂ ਦੇ ਪਿਆ ਹੈ ਪਰ ਗਰੀਬ ਵਰਗ ਵਧੇਰੇ ਪੀੜਤ ਹੈ। ਇਸ ਸਮੇਂ ਕਾਲਾ ਬਜਾਰੀ ਜ਼ੋਰਾਂ ਤੇ ਹੈ ਜਿਸ ਨਾਲ ਗਰੀਬ ਵਰਗ ਅਤੇ ਮੱਧ ਵਰਗ ਦੇ ਲੋਕ ਮਹਿੰਗਾਈ ਨਾਲ ਗੁਰਬਤ ਦੀ ਜਿੰਦਗੀ ਜਿਉ ਰਹੇ ਹਨ, ਗਰੀਬਾਂ ਦੀ ਆਮਦਨ ਘੱਟ ਤੇ ਖਰਚਾ ਜਿਆਦਾ ਹੋਣ ਕਾਰਨ ਗਰੀਬਾਂ ਦੇ ਚੁੱਲੇ ਠੰਡੇ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਿਹੜੀਆਂ ਸਰਕਾਰਾਂ ਲੋਕਾਂ ਨੂੰ ਫਰੀ ਰਾਸ਼ਨ ਦਿੰਦੀਆਂ ਹਨ, ਪਰ ਜਿਹੜੀਆਂ ਬਾਕੀ ਦੀਆਂ ਚੀਜ਼ਾਂ ਹਨ, ਉਨ੍ਹਾਂ ਦੇ ਰੇਟ ਇੰਨੇ ਜਿਆਦਾ ਹੋ ਗਏ ਹਨ ਕਿ ਗਰੀਬ ਦੇ ਖਰੀਦਣ ਤੋਂ ਬਹੁਤ ਉੱਪਰ ਹਨ। ਅੱਜ ਨਸ਼ਾ ਤਾਂ ਘਰ—ਘਰ ਮਿਲ ਰਿਹਾ ਹੈ ਪਰ ਕਿਸੇ ਵੀ ਗਰੀਬ ਦੇ ਘਰਾਂ ਵਿਚ ਨੌਕਰੀਆਂ ਨਹੀਂ ਮਿਲੀ ਰਹੀਆਂ ਜਿਸ ਕਾਰਨ ਗਰੀਬਾਂ ਦੇ ਛੋਟੇ—ਛੋਟੇ ਬੱਚੇ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਆਪਣੀਆਂ ਜਿੰਦਗੀਆਂ ਗਵਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਮੰਡੀਆਂ ਵਿੱਚ ਰੁਲਦੀਆਂ ਕਿਸਾਨਾਂ ਦੀਆਂ ਫਸਲਾ, ਸਬਜੀਆਂ ਕਾਰਨਾਂ ਕਰਕੇ ਕਿਸਾਨਾਂ ਤੇ ਬਹੁਤ ਵੱਡਾ ਅਸਰ ਪੈ ਰਿਹਾ ਹੈ, ਕਿਉਂਕਿ ਉਨ੍ਹਾਂ ਦੀਆਂ ਫਸਲਾਂ ਦੇ ਭਾਵ ਬਹੁਤ ਘੱਟ ਹਨ ਅਤੇ ਪਿਛਲੇ ਸਮੇਂ ਵਿੱਚ ਆਲੂ ਸਬਜ਼ੀਆਂ ਇਨੀਆਂ ਘੱਟ ਕੀਮਤਾਂ ਤੇ ਗਈਆਂ ਜਿਨਾਂ ਨਾਲ ਬਹੁਤ ਵੱਡਾ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਸਰਕਾਰ ਨੇ ਡੀਜ਼ਲ ਤੇਲ ਗੈਸ ਅਤੇ ਘਰੇਲੂ ਖਾਣ ਵਾਲੀਆਂ ਚੀਜ਼ਾਂ ਦਾ ਰੇਟ ਵਧਾ ਕੇ ਹਰ ਇੱਕ ਦਾ ਕਚੂੰਬਰ ਕੱਢ ਦਿੱਤਾ ਅਤੇ ਸਾਡੀ ਪਾਰਟੀ ਮੰਗ ਕਰਦੀ ਹੈ ਇਨ੍ਹਾਂ ਚੀਜ਼ਾਂ ਦੇ ਰੇਟ ਘਟਾਏ ਜਾਣ, ਕਾਲਾਬਜਾਰੀ ਕਰਨ ਵਾਲਿਆਂ ਉੱਤੇ ਸ਼ਿਕੰਜਾ ਕੱਸਿਆ ਜਾਵੇ ਤੇ ਜ਼ਿਲ੍ਹਾ ਫਿਰੋਜ਼ਪੁਰ ਦਾ ਹੁਸੈਨੀਵਾਲਾ ਬਾਰਡਰ ਤੇ ਫ਼ਾਜ਼ਿਲਕਾ ਦਾ ਸੁਲੇਮਾਨ ਕੀ ਬਾਰਡਰ ਖੋਲਿਆ ਜਾਵੇ ਤਾਂ ਕਿ ਇੱਥੇ ਰੁਜ਼ਗਾਰ ਵੀ ਪੈਦਾ ਹੋ ਸਕਣ ਅਤੇ ਜਿਹੜੇ ਲੋਕ ਅੱਜ ਗੁਰਬਤ ਦੀ ਜ਼ਿੰਦਗੀ ਜਿਉਂ ਰਹੇ ਹਨ ਉਨ੍ਹਾਂ ਨੂੰ ਇੱਥੇ ਰੁਜ਼ਗਾਰ ਮਿਲ ਸਕੇ, ਸਹੂਲਤਾਂ ਮਿਲ ਜਾਣ ਅਤੇ ਜ਼ਿਲਾ ਫਿਰੋਜਪੁਰ ਖੁਸ਼ਹਾਲ ਹੋ ਜਾਵੇ। ਇਸ ਸਮੇਂ ਗੁਰਚਰਨ ਸਿੰਘ ਭੁੱਲਰ ਤੇ ਤਜਿੰਦਰ ਸਿੰਘ ਦਿਓਲ ਨਾਲ ਗਿਆਨੀ ਬਲਦੇਵ ਸਿੰਘ, ਪ੍ਰਗਟ ਸਿੰਘ ਵਾਹਕੇ, ਸੁੱਚਾ ਸਿੰਘ ਬਸਤੀ ਭਾਨੇ ਵਾਲੀ, ਹਜ਼ਾਰਾ ਸਿੰਘ, ਗੁਰਮੀਤ ਸਿੰਘ ਗੁਰੂਹਰਸਹਾਏ, ਜਗਜੀਤ ਸਿੰਘ ਸ਼ੂਸ਼ਕ, ਬੋਹੜ ਸਿੰਘ ਥਿੰਦ, ਸੁਖਮੰਦਰ ਸਿੰਘ, ਸੁਖਦੇਵ ਸਿੰਘ ਵੇਹੜੀ, ਮੇਹਰ ਸਿੰਘ, ਇਕਬਾਲ ਸਿੰਘ ਗੁਰੂਹਰਸਾਏ, ਗੁਰਪ੍ਰੀਤ ਸਿੰਘ ਬੈਰਕਾਂ, ਰਵਿੰਦਰ ਸਿੰਘ ਲੱਖੋ ਕੇ, ਭੁਪਿੰਦਰ ਸਿੰਘ ਗੁਰੂਹਰਸਹਾਏ, ਦਵਿੰਦਰ ਸਿੰਘ ਚੂਰੀਆਂ, ਬੂੜ ਸਿੰਘ, ਵਰਿੰਦਰ ਸਿੰਘ, ਨਿਸ਼ਾਨ ਸਿੰਘ, ਗਿਆਨ ਸਿੰਘ ਸੈਦੇ ਕੇ ਰੁਹੇਲਾ, ਬੋਹੜ ਸਿੰਘ ਗੱਟੀਆਂ, ਸਾਰਜ ਸਿੰਘ, ਹਰਪਾਲ ਸਿੰਘ ਬਾਰੇ ਕੇ, ਗੁਰਜੰਟ ਸਿੰਘ, ਚਮਕੌਰ ਸਿੰਘ, ਮੋਹਨ ਸਿੰਘ ਨਿਆਜੀਆਂ, ਰਾਜਿੰਦਰ ਸਿੰਘ ਭੁੱਲਰ ਆਦਿ ਨੇ ਵੀ ਮਹਿੰਗਾਈ ਤੇ ਕੰਟਰੋਲ ਕਰਨ ਲਈ ਸਰਕਾਰ ਨੂੰ ਬੇਨਤੀਆਂ ਕੀਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

### ਝੋਨੇ ਦੀਆਂ ਸਿਫਾਰਿਸ਼ ਕਿਸਮਾਂ ਅਤੇ ਖਾਦਾਂ ਦੀ ਸੰਤੁਲਿਤ ਵਰਤੋਂ ਕਰਨ ਕਿਸਾਨ: ਡਾ. ਅਸ਼ੋਕ ਕੁਮਾਰ ਗਰਗ

# ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਪਿੰਡ ਦਵੋਗਲ ਵਿਖੇ ਕਿਸਾਨ ਸਿਖਲਾਈ ਕੈਂਪ




**ਧੂਰੀ ( ਰਣਜੀਤ ਸਿੰਘ ਪੇਧਨੀ )**-ਰਸਾਇਣਕ ਖਾਦਾਂ ਦੀ ਸੰਤੁਲਿਤ ਅਤੇ ਸੁਚੱਜੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ (ਐਫ.ਏ.ਐਸ.ਸੀ.) ਸੰਗਰੂਰ ਵੱਲੋਂ ਪਿੰਡ ਢਢੋਗਲ ਵਿਖੇ ਝੋਨੇ ਅਤੇ ਬਾਸਮਤੀ ਦੀਆਂ ਸਿਫਾਰਿਸ਼ ਕਿਸਮਾਂ, ਮਿੱਟੀ ਪਰਖ ਆਧਾਰਿਤ ਖਾਦ ਪ੍ਰਬੰਧਨ ਅਤੇ ਫਾਸਫੋਰਸ ਖਾਦ ਦੀ ਸੁਚੱਜੀ ਵਰਤੋਂ ਸਬੰਧੀ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਵਿੱਚ 50 ਤੋਂ ਵੱਧ ਕਿਸਾਨਾਂ ਨੇ ਹਿੱਸਾ ਲਿਆ। ਕੈਂਪ ਦੀ ਅਗਵਾਈ ਕਰਦੇ ਹੋਏ ਡਾ. ਅਸ਼ੋਕ ਕੁਮਾਰ ਗਰਗ, ਸੀਨੀਅਰ ਪਸਾਰ ਵਿਗਿਆਨੀ, ਨੇ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਹੀ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਖਾਦਾਂ ਦੀ ਸੰਤੁਲਿਤ ਵਰਤੋਂ ਨਾਲ ਨਾ ਸਿਰਫ਼ ਖੇਤੀ ਦੀ ਲਾਗਤ ਘਟਦੀ ਹੈ, ਸਗੋਂ ਫਸਲ ਦੀ ਪੈਦਾਵਾਰ ਅਤੇ ਮਿੱਟੀ ਦੀ ਸਿਹਤ ਵਿੱਚ ਵੀ ਸੁਧਾਰ ਹੁੰਦਾ ਹੈ। ਉਨ੍ਹਾਂ ਮੌਕੇ 'ਤੇ ਹੀ ਮਿੱਟੀ ਦੇ ਨਮੂਨੇ ਲੈਣ ਦੀ ਵਿਧੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਖੁਦ ਨਮੂਨਾ ਲੈ ਕੇ ਕਿਸਾਨਾਂ ਨੂੰ ਪ੍ਰਯੋਗਾਤਮਕ ਤਰੀਕੇ ਨਾਲ ਸਮਝਾਇਆ। ਡਾ. ਗਰਗ ਨੇ ਕਿਸਾਨਾਂ ਨੂੰ ਝੋਨੇ ਅਤੇ ਬਾਸਮਤੀ ਵਿੱਚ ਡੀ.ਏ.ਪੀ. ਖਾਦ ਦੀ ਅਣਸੁਝੀ ਵਰਤੋਂ ਤੋਂ ਬਚਣ ਅਤੇ ਯੂਰੀਆ ਖਾਦ ਦੀ ਵੀ ਸੰਜਮ ਨਾਲ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕੱਦੂ ਕਰਨ ਤੋਂ ਪਹਿਲਾਂ ਯੂਰੀਆ ਦੇ 2-3 ਥੈਲੇ ਵਰਤਣ ਦੀ ਪ੍ਰਥਾ ਤੋਂ ਗੁਰੇਜ ਕਰਨ ਲਈ ਕਿਹਾ। ਉਨ੍ਹਾਂ ਝੋਨੇ ਵਿੱਚ ਜ਼ਿੰਕ ਦੀ ਘਾਟ ਨੂੰ ਪੂਰਾ ਕਰਨ ਲਈ ਸਿਫਾਰਿਸ਼ ਕੀਤੀ ਮਾਤਰਾ ਅਨੁਸਾਰ ਹੀ ਜ਼ਿੰਕ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਜੈਵਿਕ ਖਾਦਾਂ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਡਾ. ਗਰਗ ਨੇ ਕਿਹਾ ਕਿ ਝੋਨੇ ਦੀ ਪੌਦ ਨੂੰ ਲੱਗਣ ਵਾਲਾ ਐਜ਼ੋਸਪਾਇਰਲਮ ਫਸਲ ਦੀ ਪੈਦਾਵਾਰ ਵਧਾਉਣ ਦੇ ਨਾਲ-ਨਾਲ ਮਿੱਟੀ ਦੀ ਜੈਵਿਕ ਸਿਹਤ ਸੁਧਾਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਝੋਨੇ ਦੀ ਪਨੀਰੀ ਤਿਆਰ ਕਰਨ ਲਈ ਸਿਫਾਰਿਸ਼ ਖਾਦਾਂ ਅਤੇ ਹੋਰ ਪ੍ਰਬੰਧਕੀ ਸਿਫਾਰਿਸ਼ਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਮਿੱਟੀ ਦੀ ਸਿਹਤ ਸੁਧਾਰਨ ਲਈ ਹਰੀ ਖਾਦਾਂ ਜਿਵੇਂ ਜੰਤਰ ਅਤੇ ਸਣ ਦੀ ਕਾਸ਼ਤ ਅਤੇ ਉਨ੍ਹਾਂ ਦੇ ਲਾਭਾਂ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਦੌਰਾਨ ਡਾ. ਗਰਗ ਨੇ ਝੋਨੇ ਦੀ ਪਨੀਰੀ ਵਿੱਚ ਬੌਣੇ ਬੂਟਿਆਂ ਦੇ ਰੋਗ ਦੀ ਪਛਾਣ ਅਤੇ ਰੋਕਥਾਮ ਸਬੰਧੀ ਸਿਫਾਰਿਸ਼ਾਂ ਵੀ ਸਾਂਝੀਆਂ ਕੀਤੀਆਂ ਅਤੇ ਕਿਸਾਨਾਂ ਨੂੰ ਪਨੀਰੀ ਦੀ ਨਿਯਮਿਤ ਨਿਗਰਾਨੀ ਕਰਨ ਲਈ ਪ੍ਰੇਰਿਆ। ਡਾ. ਗਰਗ ਨੇ ਪੀ.ਏ.ਯੂ. ਵੱਲੋਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਕਿਸਮਾਂ ਜਿਵੇਂ ਪੀ.ਆਰ. 131, ਪੀ.ਆਰ. 132 ਅਤੇ ਪੀ.ਆਰ. 126 ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨਵੀਂ ਕਿਸਮ ਪੀ.ਆਰ. 133 ਬਾਰੇ ਦੱਸਦੇ ਹੋਏ ਕਿਹਾ ਕਿ ਇਹ ਕਿਸਮ ਲੁਆਈ ਤੋਂ ਬਾਅਦ ਲਗਭਗ 111 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਪ੍ਰਤੀ ਏਕੜ ਲਗਭਗ 30.5 ਕੁਇੰਟਲ ਝਾੜ ਦਿੰਦੀ ਹੈ। ਬਾਸਮਤੀ ਦੀਆਂ ਕਿਸਮਾਂ ਪੂਸਾ ਬਾਸਮਤੀ 1509 ਅਤੇ ਪੂਸਾ ਬਾਸਮਤੀ 1847 ਵਿੱਚ ਖਾਦਾਂ ਦੀ ਲੋੜ ਅਤੇ ਝੰਡਾ ਰੋਗ ਦੀ ਰੋਕਥਾਮ ਲਈ ਬੀਜ ਸੋਧ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਕਿਸਾਨਾਂ ਨੂੰ ਪੀਏਯੂ ਲੁਧਿਆਣਾ ਦੁਆਰਾ ਚਲਾਏ ਜਾ ਰਹੇ ਵੱਖ-ਵੱਖ ਕੋਰਸਾਂ ਦਾ ਗਿਆਨ ਪ੍ਰਦਾਨ ਕੀਤਾ ਗਿਆ ਅਤੇ ਪੇਂਡੂ ਵਿਦਿਆਰਥੀਆਂ ਨੂੰ ਪੀਏਯੂ ਲੁਧਿਆਣਾ ਵਿੱਚ ਦਾਖਲਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ। ਕੈਂਪ ਲਾਉਣ ਵਿੱਚ ਸ.ਸਤਨਾਮ ਸਿੰਘ (ਚੇਅਰਮੈਨ), ਸ. ਅਮਰਜੀਤ ਸਿੰਘ (ਪ੍ਰਧਾਨ), ਸ. ਅਮਨਦੀਪ ਸਿੰਘ (ਕਮੇਟੀ ਮੈਂਬਰ), ਸ. ਬਿੱਕਰ ਸਿੰਘ (ਮੀਤ ਪ੍ਰਧਾਨ) ਅਤੇ ਸ. ਸਰਬਜੀਤ ਸਿੰਘ (ਸੈਕਟਰੀ) ਢਢੋਗਲ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟਡ ਨੇ ਵਿਸ਼ੇਸ਼ ਯੋਗਦਾਨ ਪਾਇਆ। ਅੰਤ ਵਿੱਚ ਕਿਸਾਨਾਂ ਲਈ ਪੀ.ਏ.ਯੂ. ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੇ ਪੀ.ਆਰ. 126 ਦੇ ਬੀਜ, ਐਜ਼ੋਸਪਾਇਰਲਮ ਟੀਕੇ, ਖੇਤੀ ਸਾਹਿਤ ਆਦਿ ਦੀ ਵਿਕਰੀ ਵੀ ਕੀਤੀ ਗਈ। ਕੈਂਪ ਦੌਰਾਨ ਕਿਸਾਨਾਂ ਵੱਲੋਂ ਪੁੱਛੇ ਗਏ ਵੱਖ-ਵੱਖ ਸਵਾਲਾਂ ਦੇ ਤਰਤੀਬ-ਬੱਧ ਅਤੇ ਵਿਗਿਆਨਕ ਢੰਗ ਨਾਲ ਜਵਾਬ ਦਿੱਤੇ ਗਏ। ਕਿਸਾਨਾਂ ਨੇ ਮਿੱਟੀ ਪਰਖ ਕਰਵਾਉਣ ਅਤੇ ਸਿਫਾਰਿਸ਼ੀ ਖਾਦ ਪ੍ਰਬੰਧਨ ਅਪਣਾਉਣ ਲਈ ਭਰਪੂਰ ਰੁਚੀ ਵੀ ਦਿਖਾਈ।

ਆਵਾਜ਼ਿ ਕੌਮ AWAZE QAUM International Newspaper & WEB TV

## ਆਪ ਪਰਦੇ ਪਿੱਛੇ ਰਹਿ ਕੇ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਅੱਗੇ ਕੀਤਾ, ਹੁਣ ਐੱਸ.ਜੀ.ਪੀ.ਸੀ ਪ੍ਰਧਾਨ ਨੂੰ ਹਦਾਇਤ ਕਰ ਰਹੇ ਹਨ ਸੁਖਬੀਰ ਬਾਦਲ- ਗੁਰਪ੍ਰਤਾਪ ਸਿੰਘ ਵਡਾਲਾ



**ਚੰਡੀਗੜ੍ਹ, 14 ਮਈ (ਆਵਾਜ਼ਿ ਕੌਮ ਬਿਊਰੋ)**-ਸ਼ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਕੱਤਰ ਜਨਰਲ ਸ ਗੁਰਪ੍ਰਤਾਪ ਸਿੰਘ ਵਡਾਲਾ ਨੇ ਇਕ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਪੰਥ ਦੀ ਹਰ ਲੜਾਈ ਸ਼੍ਰੋਮਣੀ ਅਕਾਲੀ ਦਲ ਲੜਦਾ ਰਿਹਾ ਹੈ। ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਇਸ ਜਥੇਬੰਦੀ ਦੀ ਸਥਾਪਨਾ ਹੀ ਪੰਥ ਦੀ ਸੰਘਰਸ਼ਸ਼ੀਲ ਤਾਕਤ ਵਜੋਂ ਹੋਈ ਸੀ। ਜਦੋਂ ਵੀ ਸਰਕਾਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ, ਪੰਥਕ ਪਰੰਪਰਾਵਾਂ ਜਾਂ ਸਿੱਖੀ ਸਿਧਾਂਤ ਨੂੰ ਚੈਲੇਂਜ ਕਰਨ ਦੀ ਕੋਸ਼ਿਸ਼ ਕੀਤੀ, ਉਦੋਂ ਹੀ ਪੰਥ ਦੀ ਵਾੜ ਵਜੋਂ ਅਕਾਲੀ ਦਲ ਮੋਰਚੇ ਲਾਉਣ ਲਈ ਮੈਦਾਨ ਵਿੱਚ ਨਿਤਰ ਆਇਆ। ਪਰ ਇਹ ਪਹਿਲਾ ਮੌਕਾ ਹੈ ਜਦੋਂ ਅਕਾਲੀ ਦਲ ਬਾਦਲ ਨੇ ਪਰਦੇ ਪਿੱਛੇ ਬਹਿ ਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਰਕਾਰ ਨਾਲ ਉਲਝਣ ਲਈ ਅੱਗੇ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਖੁਦ ਹੀ 2007 ਵਿੱਚ ਮਤਾ ਪਾਸ ਕਰਕੇ ਪੰਜਾਬ ਸਰਕਾਰ ਕੋਲੋਂ ਬੇਅਦਬੀਆਂ ਖਿਲਾਫ ਸਖਤ ਕਾਨੂੰਨ ਬਣਾਉਣ ਦੀ ਮੰਗ ਕੀਤੀ ਸੀ। ਉਦੋਂ ਪੰਜਾਬ ਦੀ ਪੰਥਕ ਸਰਕਾਰ ਆਪਣੀਆਂ ਦੋ ਟਰਮਾਂ ਵਿੱਚ ਵੀ ਇਹ ਕਾਨੂੰਨ ਬਣਾਕੇ ਲਾਗੂ ਨਹੀ ਕਰਵਾ ਸਕੀ। ਹੁਣ ਜਦੋਂ ਸ਼ਰੋਮਣੀ ਕਮੇਟੀ ਦੇ ਮਤੇ ਮੁਤਾਬਕ ਬਾਦਲ ਸਰਕਾਰ ਦਾ ਲਿਆਂਦਾ ਬਿਲ ਕੁੱਝ ਸੋਧ ਕਰਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਾਨੂੰਨ ਬਣਾ ਦਿੱਤਾ ਹੈ ਤਾਂ ਅਕਾਲੀ ਦਲ ਬਾਦਲ ਨੂੰ ਹਜਮ ਨਹੀਂ ਹੋ ਰਿਹਾ। ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਬਿੱਲ ਦੀ ਸ਼ਲਾਘਾ ਕਰ ਦਿੱਤੀ। ਫਿਰ ਜਦੋਂ ਉਸਦੇ ਪਾਰਟੀ ਪ੍ਰਧਾਨ ਦਾ ਹੁਕਮ ਆਇਆ ਤਾਂ ਸ਼੍ਰੋਮਣੀ ਕਮੇਟੀ ਨੇ ਖੁਦ ਕੋਈ ਐਕਸ਼ਨ ਲੈਣ ਦੀ ਬਜਾਏ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅੱਗੇ ਕਰ ਦਿੱਤਾ। ਜਥੇਦਾਰ ਸਾਹਿਬ ਵਿਧਾਨ ਸਭਾ ਸਪੀਕਰ ਨੂੰ ਤਲਬ ਕਰਕੇ ਹਦਾਇਤ ਕਰ ਰਹੇ ਹਨ ਕਿ ਕਾਨੂੰਨ ਵਿਚ ਸੋਧ ਕਰੋ, ਜਦਕਿ ਇਹ ਉਸਦੇ ਵੱਸਦੀ ਗੱਲ ਹੀ ਨਹੀਂ। ਜਥੇਦਾਰ ਸਾਹਿਬ ਨੇ ਸਪੀਕਰ ਦੇ ਰਾਹੀਂ ਪੰਜਾਬ ਸਰਕਾਰ ਨੂੰ ਪੰਦਰਾਂ ਦਿਨ ਦਾ ਲਿਖਤੀ ਅਲਟੀਮੇਟਮ ਦੇ ਦਿੱਤਾ ਕਿ ਜੇ ਸੋਧ ਨਾ ਕੀਤੀ ਤਾਂ ਸਖਤ ਐਕਸ਼ਨ ਲਿਆ ਜਾਵੇਗਾ। ਇਸ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਰਕਾਰ ਵਿਚਕਾਰ ਸਿੱਧਾ ਟਕਰਾਅ ਬਣ ਗਿਆ ਹੈ। ਪਰ ਇਸ ਸਾਰੇ ਘਟਨਾਕ੍ਰਮ ਨੂੰ ਇਕ ਤਰਾਂ ਅੱਖੋਂ ਪਰੋਖੇ ਕਰਦੇ ਹੋਏ ਅਕਾਲੀ ਦਲ ਬਾਦਲ ਨੇ 11 ਤਰੀਕ ਨੂੰ ਚੰਡੀਗੜ੍ਹ ਵਿੱਚ ਕੋਰ ਕਮੇਟੀ ਦੀ ਮੀਟਿੰਗ ਕਰਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਹਦਾਇਤ ਕੀਤੀ ਹੈ ਕਿ ਉਹ ਮਾਹਿਰਾਂ ਦਾ ਇਕ ਪੈਨਲ ਬਣਾ ਕੇ ਕਾਨੂੰਨੀ ਤਰੁੱਟੀਆਂ ਨੂੰ ਉਜਾਗਰ ਕਰਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਰਕਾਰ ਨੂੰ ਪੰਦਰਾਂ ਦਿਨ ਦਾ ਅਲਟੀਮੇਟਮ ਦਿੱਤਾ ਹੋਇਆ ਹੈ। ਜੇ ਸਰਕਾਰ ਇਸ ਉਤੇ ਕੋਈ ਕਾਰਵਾਈ ਨਹੀਂ ਕਰਦੀ ਤਾਂ ਅਗਲੀ ਲੜਾਈ ਅਕਾਲੀ ਦਲ ਨੂੰ ਲੜਨੀ ਪਵੇਗੀ, ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਵਰਕਿੰਗ ਫੋਰਸ ਅਕਾਲੀ ਦਲ ਹੀ ਹੈ। ਪਰ ਪਾਰਟੀ ਦਾ ਪ੍ਰਧਾਨ ਇਸਨੂੰ ਭੁੱਲ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਮਸਲੇ ਬਾਰੇ ਸਰਗਰਮ ਹੋਣ ਲਈ ਹਦਾਇਤ ਕਰ ਰਿਹਾ ਹੈ। ਇਕ ਤਰਾਸਦਿਕ ਸਥਿਤੀ ਪੈਦਾ ਕਰਕੇ ਫਿਰ ਇਸਨੂੰ ਭੁੱਲ ਜਾਣਾ, ਇਹ ਸਿਰਫ ਬਾਦਲ ਦਲ ਦਾ ਪ੍ਰਧਾਨ ਹੀ ਕਰ ਸਕਦਾ ਹੈ। ਸਾਰੀ ਸਿੱਖ ਕੌਮ ਇਸ ਭੰਬਲਭੂਸੇ ਵਾਲੀ ਸਥਿਤੀ ਨੂੰ ਗੰਭੀਰਤਾ ਨਾਲ ਵੇਖ ਰਹੀ ਹੈ। ਇਹ ਪ੍ਰੈੱਸ ਬਿਆਨ ਸ ਤੇਜਿੰਦਰ ਸਿੰਘ ਪੰਨੂੰ ਵੱਲੋਂ ਜਾਰੀ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਰਾਮਦਾਸ ਪਬਲਿਕ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ




ਫ਼ਿਰੋਜ਼ਪੁਰ, 14 ਮਈ (ਮਨੋਹਰ ਲਾਲ) :— ਸਿੱਖਿਆ ਦੇ ਖੇਤਰ ਵਿਚ ਮੱਲਾਂ ਮਾਰਨ ਵਾਲੇ ਗੁਰੂ ਰਾਮਦਾਸ ਪਬਲਿਕ ਸਕੂਲ ਸ਼ਾਹਦੀਨ ਵਾਲਾ ਦਾ ਬਾਰ੍ਹਵੀਂ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਰਿਹਾ। ਸੀ.ਬੀ.ਐਸ.ਈ ਬੋਰਡ ਵੱਲੋਂ ਐਲਾਨੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿਚ ਸਮੂਹ ਬੱਚੇ ਸ਼ਾਨਦਾਰ ਅੰਕ ਲੈ ਕੇ ਪਾਸ ਹੋਏ, ਜਿਨ੍ਹਾਂ ਨੂੰ ਗੁਰਦੁਆਰਾ ਗੁਰੂ ਰਾਮਦਾਸ ਪੁਰੀ ਅਰਮਾਨਪੁਰਾ ਦੇ ਮੁੱਖ ਸੇਵਾਦਾਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਭਗਤ ਮਿਲਖਾ ਸਿੰਘ ਨੇ ਵਧਾਈ ਦਿੱਤੀ। ਬੱਚਿਆਂ ਨੂੰ ਸ਼ਾਬਾਸ਼ੀ ਦਿੰਦਿਆਂ ਭਗਤ ਮਿਲਖਾ ਸਿੰਘ ਨੇ ਕਿਹਾ ਕਿ ਇਸ ਦਾ ਸਿਹਰਾ ਸਕੂਲ ਦੇ ਮਿਹਨਤੀ ਸਟਾਫ, ਪ੍ਰਬੰਧਕ ਕਮੇਟੀ ਅਤੇ ਹੋਣਹਾਰ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਜਾਂਦਾ ਹੈ। ਇਸ ਮੌਕੇ ਉਨ੍ਹਾਂ ਬੱਚਿਆਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ। ਇਸ ਮੌਕੇ ਸਕੂਲ ਮੈਨੇਜਰ ਇੰਦਰਪਾਲ ਸਿੰਘ ਨੇ ਕਿਹਾ ਕਿ ਸਕੂਲ ਦੇ ਬਾਰ੍ਹਵੀਂ ਕਲਾਸ ਦੇ 111 ਬੱਚਿਆਂ ਵਿਚੋਂ ਸਾਰੇ ਬੱਚਿਆਂ ਨੇ ਵਧੀਆ ਨੰਬਰ ਹਾਸਲ ਕੀਤੇ ਹਨ, ਜਿਨ੍ਹਾਂ ਵਿਚੋਂ ਐਸ਼ਪ੍ਰੀਤ ਕੌਰ ਨੇ 95.2 ਫੀਸਦੀ, ਜ਼ਸ਼ਨਦੀਪ ਕੌਰ 93.8 ਫੀਸਦੀ, ਅਰਸ਼ਦੀਪ ਕੌਰ 93.6 ਫੀਸਦੀ, ਜੈਸਮੀਨ ਕੌਰ 91.8 ਫੀਸਦੀ, ਅਰਸ਼ਪ੍ਰੀਤ ਕੌਰ 90.8 ਫੀਸਦੀ, ਸਿਮਰਜੀਤ ਕੌਰ 93.2 ਫੀਸਦੀ, ਕਿਰਨਦੀਪ ਕੌਰ 92.8 ਫੀਸਦੀ, ਹਰਮਨਪ੍ਰੀਤ ਕੌਰ ਨੇ 90.2 ਫੀਸਦੀ ਅੰਕ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਇਸੀ ਤਰ੍ਹਾਂ ਖੁਸ਼ਪ੍ਰੀਤ ਕੌਰ, ਕਿਰਨਦੀਪ ਕੌਰ, ਐਸ਼ਪ੍ਰੀਤ ਕੌਰ, ਜੈਸਮੀਨ ਕੌਰ ਨੇ ਪੰਜਾਬੀ ਵਿਚੋਂ 100 ਫੀਸਦੀ ਅੰਕ ਅਤੇ ਅਰਸ਼ਪ੍ਰੀਤ ਕੌਰ ਨੇ ਅੰਗਰੇਜੀ ਵਿਚੋਂ 98 ਫੀਸਦੀ ਅੰਕ ਪ੍ਰਾਪਤ ਕੀਤੇ ਹਨ ਅਤੇ ਇਸੀ ਤਰ੍ਹਾਂ ਜ਼ਸ਼ਨਦੀਪ ਕੌਰ ਨੇ ਬਿਜਨਸ ਸਟੱਡੀ ਵਿਸ਼ੇ ਵਿਚੋਂ 98 ਫੀਸਦੀ, ਅਰਸ਼ਦੀਪ ਕੌਰ ਨੇ ਸਰੀਰਕ ਸਿੱਖਿਆ ਵਿਸ਼ੇ ਵਿਚੋਂ 98 ਫੀਸਦੀ ਅੰਕ ਹਾਸਲ ਕੀਤੇ ਹਨ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਰਣਜੀਤ ਸਿੰਘ, ਪ੍ਰਿੰਸੀਪ ਖੁਸ਼ਵੰਤ ਸਿੰਘ, ਵਾਈਸ ਪ੍ਰਿੰਸੀਪਲ ਮੈਡਮ ਊਸ਼ਾ ਸ਼ਰਮਾ ਤੇ ਸਮੂਹ ਸਟਾਫ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

### ਅਸਹਿਮਤ ਜਾਂ ਵਿਚਾਰਧਾਰਿਕ ਮੌਖਿਕ ਵਿਰੋਧੀ ਲੋਕਾਂ ਪ੍ਰਤੀ

# ਸਾਡਾ ਨਜਰੀਆ ਅਤੇ ਵਿਹਾਰ ਕੀ ਹੋਵੇ ?



ਆਵਦੀ ਸਿਧਾਂਤਿਕ ਹੋਂਦ ਹਸਤੀ ਦੇ ਨਿਆਰੇਪਣ ਨੂੰ ਬਚਾਉਣ ਅਤੇ ਆਜਾਦੀ ਲਈ ਜੂਝ ਰਹੇ ਕਬੀਲੇ/ਕੌਮ ਦੇ ਸੰਘਰਸ਼ੀ, ਸਹਾਇਕ ਅਤੇ ਸਹਿਮਤ ਲੋਕਾਂ ਸਾਹਵੇਂ ਇੱਕ ਵੱਡੀ ਸਮੱਸਿਆ , ਉਸ ਕਬੀਲੇ/ਕੌਮ ਦੇ ਚਰਚਿਤ ਜਾਂ ਪ੍ਰਭਾਵਸ਼ਾਲੀ ਲੋਕਾਂ ਨੂੰ ਦੁਸ਼ਮਣ ਵੱਲੋਂ ਆਵਦੇ ਪੱਖ 'ਚ ਵਰਤੇ ਜਾਣਾ ਵੀ ਹੁੰਦਾ ਹੈ।

ਵਰਤੇ ਜਾਣ ਵਾਲੇ ਅਜਿਹੇ ਲੋਕ ਕਈ ਕਿਸਮਾਂ ਅਤੇ ਮਾਨਸਿਕਤਾ ਵਾਲੇ ਹੁੰਦੇ ਹਨ। ਜਿੰਨ੍ਹਾਂ ਨੂੰ ਡੂੰਘੀ ਪਰਖ ਪੜਚੋਲ ਕਰੇ ਬਗੈਰ ਯੱਕਲਖਤ ਵਿਰੋਧੀ ਜਾਂ ਦੁਸ਼ਮਣ ਦੀ ਸ਼੍ਰੇਣੀ ਵਿੱਚ ਗਿਣ ਲੈਣਾ ਕਤੱਈ ਸਿਆਣਪ ਨਹੀਂ ਹੁੰਦੀ।

ਅਜਿਹੇ ਅਸਹਿਮਤ ਲੋਕਾਂ ਨੂੰ ਆਵਦੇ ਪੱਖ 'ਚ ਕਰਨ ਲਈ ਉਹਨਾਂ ਬਾਰੇ ਸਾਡੀ ਸਮਝ ਅਤੇ ਵਿਹਾਰ ਬਹੁਤ ਅਹਿਮੀਅਤ ਰੱਖਦੇ ਹਨ।

ਹਾਂ, ਜੇਕਰ ਕੋਈ ਸੋਚੀ ਸਮਝੀ ਸਾਜਿਸ਼ ਤਹਿਤ ਜਾਣਬੁੱਝ ਕੇ ਹੀ ਵਿਗੜਿਆ ਹੋਵੇ ਤਾਂ , ਉਸ ਉੱਤੇ ' ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ' ਵਾਲੀ ਕਹੌਤ ਵੀ ਠੀਕ ਢੁਕਦੀ ਹੈ।

ਪਰ ਇਹ ਵੀ ਗੈਰ ਪ੍ਰਸੰਗਿਕ ਨਹੀਂ ਐ ਕਿ ਸਲੀਕੇਦਾਰ ਅਤੇ ਹਮਦਰਦੀ ਪੂਰਨ ਰਵੱਈਏ ਨਾਲ ਪਾਇਆ ਸਿਆਣਾ ਸਮਾਜਿਕ ਦਬਾਅ ,ਅਣਜਾਨਪੁਣੇ ਜਾਂ ਕਿਸੇ ਮਾਮੂਲੀ ਕਾਰਣ ਕਰਕੇ ਅਸਹਿਮਤ ਜਾਂ ਵਿਰੋਧੀ ਵਿਚਾਰਾਂ ਵਾਲੇ ਬੰਦੇ ਨੂੰ ਸੰਬੰਧਿਤ ਵਿਸ਼ੇ ਬਾਰੇ ਪੁਨਰ ਵਿਚਾਰ ਕਰਨ ਲਈ ਪ੍ਰੇਰਿਤ ਜਾਂ ਮਜਬੂਰ ਕਰ ਸਕਦੈ।

ਆਵਾਜ਼ਿ ਕੌਮ AWAZE QAUM International Newspaper & WEB TV

ਪਰ ਇਹ ਬਹੁਤਾ ਸੰਭਵ ਨਹੀਂ ਕਿ ਕਠੋਰ ਅਤੇ ਬੇਹੂਦਾ ਵਿਹਾਰ ਲਾਜਮੀ ਹੀ ਚੰਗੇ ਨਤੀਜੇ ਦੇਵੇ। ਮਜਬੂਰ ਕਰਕੇ ਮੰਨਵਾਈ ਈਨ ਵਾਲਾ ਤੁਹਾਡਾ ਵਫਾਦਾਰ ਜਾਂ ਸੱਚਾ ਹਮਾਇਤੀ ਕਿਵੇਂ ਬਣ ਸਕਦੈ!

' ਕੱਲ ਬੀਤੇ' ਇਤਿਹਾਸ ਦੀ ਇੱਕ ਜਿੰਦਾ ਮਿਸਾਲ ਨਾਲ ਗੱਲ ਨੂੰ ਜਰਾ ਸੁਖਾਲੀ ਕਰਦਾ ਹਾਂ।

ਸੰਨ 1985 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਾਬਾ ਜੁਗਿੰਦਰ ਸਿੰਘ ਜੀ ( ਪਿਤਾ ਸੰਤ ਭਿੰਡਰਾਂਵਾਲੇ) ਦੀ ਅਗਵਾਈ ਵਾਲੇ ਸੰਯੁਕਤ ਅਕਾਲੀ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਖਾੜਕੂ ਧਿਰਾਂ ਵੱਲੋਂ ਬਾਈਕਾਟ ਕੀਤਾ ਗਿਆ ਸੀ।

ਸਾਡੇ ਵੱਡੇ ਪਿੰਡ ' ਰੋਡੇ' ਨਗਰ ਬਾਈਕਾਟ ਦੇ ਸੰਬੰਧ 'ਚ ਖੂਹ ਵਾਲੀ ਧਰਮਸ਼ਾਲਾ ਇਕੱਠ ਸੀ।

ਬਾਬਾ ਜੀ ਦਾ ਸਪੁੱਤਰ ਜਥੇਦਾਰ ਜਗਜੀਤ ਸਿੰਘ ਉਸ ਇਕੱਠ ਤੋਂ ਪਰਤਦਿਆਂ ਜਦ ਛੇ ਆਲੀ ਬੱਸ ਚੋਂ ਅੱਡੇ 'ਚ ਉੱਤਰਿਆ ਤਾਂ ਸਾਹਵੇਂ ਖੜੇ ਆਵਦੇ ਹਮ ਉਮਰ ਪਰਮਮਿੱਤਰ ਅਤੇ ਰਿਸ਼ਤੇ ਚੋਂ ਭਤੀਜੇ ਲੱਗਦੇ ਅਕਾਲੀ ਜਥੇਦਾਰ ਨੂੰ ਨਹੋਰੇ ਨਾਲ ਪੁੱਛਦੈ, ' ਤੂੰ ਆਇਆ ਨ੍ਹੀਂ ਬਈ ਉੱਥੇ ਇਕੱਠ 'ਚ ?'

ਉਹ ਜਥੇਦਾਰ ਅੱਗਿਉਂ ਜਰਾ ਨਰਮਾਈ ਵਾਲੇ ਲਹਿਜੇ 'ਚ ਨਾ ਆਉਣ ਦਾ ਸਪੱਸ਼ਟੀਕਰਨ ਦਿੰਦਿਆਂ ਆਵਦੇ ਬਾਦਲ ਦਲੀ ਆਗੂ ਦਾ ਹਵਾਲਾ ਦਿੰਦੈ।

ਜਥੇਦਾਰ ਜਗਜੀਤ ਸਿੰਘ ਮੋੜਵੇਂ ਰੂਪ 'ਚ ਜਰਾ ਤਲਖੀ ਨਾਲ ਬੋਲਦੈ,' ਤੂੰ ਸਰਪੰਚ ਨਾਲ ਜੰਮਿਐਂ ?'

ਪਰ੍ਹੇ 'ਚ ਖੜੇ ਬੰਦਿਆਂ ਦੀ ਹਾਜਰੀ ਵਿੱਚ ਹੱਤਕ ਮਹਿਸੂਸ ਕਰਦਿਆਂ ਖਾੜਕੂ ਸੁਭਾਅ ਜਥੇਦਾਰ ਵੀ ਮੂਹਰਿਉਂ ਹਰਖ ਨਾਲ ਆਂਹਦਾ, ' ਜੰਮੇ ਤਾਂ ਤੁਸੀਂ ਵੀ ਸੱਤੇ ਭਰਾ ਕੱਲੇ ਕੱਲੇ ਈ ਐਂ !'

' ਜੇ ਇਹ ਗੱਲ ਐ ਤਾਂ ਚੰਗਾ ਫਿਰ।'

ਇਹ ਕਹਿਕੇ ਜਥੇਦਾਰ ਜਗਜੀਤ ਸਿੰਘ ਤਿੰਨ ਫੁੱਟੀ ਕਿਰਪਾਨ ਮੋਢਿਆਂ ਉੱਤੋਂ ਦੀ ਰੱਖਕੇ ਆਵਦੇ ਘਰ ਵਾਲੀ ਪਹੀ ਪੈ ਗਏ।

ਬਰਨਾਲਾ ਸਰਕਾਰ ਬਣਨ ਉਪਰੰਤ ਹਾਲਾਤ ਤੋਂ ਖਤਰਾ ਮਹਿਸੂਸ ਕਰਦਿਆਂ ਉਸ ਜਥੇਦਾਰ ਨਾਲ ਸੰਬੰਧਿਤ ਤਿੰਨ ਘਰਾਂ ਨੇ ਚਾਰ ਲਾਇਸੰਦੀ ਬੰਦੂਕਾਂ ਵੀ ਖਰੀਦ ਲਈਆਂ।

ਉਦੋਂ ਤੱਕ ਮਾਲਵੇ ਅੰਦਰ ਵੀ ਖਾੜਕੂ ਲਹਿਰ ਵਾਹਵਾ ਸਰਗਰਮ ਹੋ ਚੁੱਕੀ ਸੀ।

ਪਚਾਸੀ ਜਾਂ ਛਿਆਸੀ ਦੇ ਸਿਆਲੀਂ ਹੀ ਜਦ ਉਹੀ ਜਥੇਦਾਰ ਵੱਡੇ ਤੜਕੇ ਮੂੰਹ ਹਨੇਰੇ ਬਾਹਰ ਖੇਤ ਵਿੱਚ ਹਾਜਤ ਰਫਤ ਵਾਸਤੇ ਬੈਠਾ ਸੀ ਤਾਂ ਨੇੜਲੀ ਡੰਡੀ ਉੱਤੇ ਖੇਸਾਂ ਦੇ ਝੁੰਬਲਬਾਟੇ ਮਾਰੀ ਦੋ ਨੌਜਵਾਨ ਆਕਾਰ ਤੁਰੇ ਜਾਂਦੇ ਦੇਖਕੇ ਪੁੱਛਦੈ,

' ਕਿਹੜੇ ਸਿੰਘ ਐ ਬਈ ?'

ਸਾਡੇ ਹੀ ਪਿੰਡ ਦਾ ਇੱਕ ਨੌਜਵਾਨ ਜਥੇਦਾਰ ਦਾ ਬੋਲ ਪਛਾਣ ਕੇ ਉਸਨੂੰ ਅੱਗਿਉਂ ਬੜੇ ਕੁਰੱਖਤ ਸਬਦ ਬੋਲਦੈ।

ਪਰ ਜਥੇਦਾਰ ਸਿਆਣਪ ਵਰਤਦਿਆਂ ਆਂਹਦੈ,' ਅਗਾਂਹ ਪੁਲਿਸ ਆਈ ਹੋਈ ਐ, ਮੈਂ ਤਾਂ ਤਾਹੀਂ ਤੁਹਾਨੂੰ ਪੁੱਛਣਾ ਯੋਗ ਸਮਝਿਆ!'

ਚਲੋ ਉਹ ਉੱਥੋਂ ਹੀ ਪਿਛਾਂਹ ਮੁੜ ਜਾਂਦੇ ਹਨ ਅਤੇ 'ਬਚਾਅ' ਹੋ ਜਾਂਦੈ ।

ਸਾਡੇ ਪਿੰਡ ਵਾਲੇ ਨੌਜਵਾਨ ਦੇ ਨਾਲ ਤੁਰਿਆ ਜਾਂਦਾ ਦੂਜਾ ਨੌਜਵਾਨ ' ਖਾੜਕੂ ਜੰਟਾ' ਸੀ ।ਜਿਹੜਾ ਅਗਾਂਹ ਜਾ ਕੇ ਸਿੱਖ ਕੌਮ ਅਤੇ ਇਤਿਹਾਸ ਵਿੱਚ ' ਸ਼ਹੀਦ ਜਥੇਦਾਰ ਗੁਰਜੰਟ ਸਿੰਘ ' ਬੁੱਧ ਸਿੰਘ ਵਾਲਾ ' ਵਜੋਂ ਮਸ਼ਹੂਰ ਹੁੰਦੈ ।

## ਦੂਜੀ ਵਾਰਤਾ

ਅਠਾਸੀ ਦਾ ਅਖੀਰ ਜਿਹਾ ਹੋਊ। ਅਸੀਂ ਚਾਰ ਪੰਜ ਫੈਡਰੇਸ਼ਨ ਸੇਵਾਦਾਰ ਕਿਸੇ ਕਾਰਣ ਹੜਤਾਲ ਕਰਵਾਉਣ ਲਈ ਇੱਕ ਜਮਾਤ ਕੋਲ ਗਏ । ਯੂ ਟਾਈਪ ਬੈਂਚਾਂ ਉੱਤੇ ਬੈਠੇ ਸਿਖਿਆਰਥੀਆਂ ਦੇ ਝੁਰਮਟ ਕਾਰਣ ਅਤੇ ਪਿਛਲੇ ਪਾਸਿਉਂ ਆਉਣ ਕਰਕੇ ਬੇਧਿਆਨੀ 'ਚ ਅਸੀਂ ਇਹ ਖਿਆਲ ਨਾ ਕਰ ਸਕੇ ਕਿ, ਜਮਾਤ ਨੂੰ ਕੋਈ ਅਧਿਆਪਕ ਵੀ ਪੜ੍ਹਾ ਰਿਹਾ ਹੋ ਸਕਦੈ।

ਜਦ ਮੈਂ ਉਹਨਾਂ ਸਿਖਿਆਰਥੀਆਂ ਨੂੰ ਹੜਤਾਲ ਕਰਨ ਬਾਰੇ ਅਪੀਲ ਕਰ ਰਿਹਾ ਸੀ ਤਾਂ ਸਾਹਮਣਿਉਂ ਕੁਰਸੀ ਤੋਂ ਗੁਰਸਿੱਖ ਚਿਹਰੇ ਵਾਲਾ ਅਧਿਆਪਕ ਖੜਾ ਹੋ ਕੇ ਮੈਨੂੰ ਗੁੱਸੇ ਨਾਲ ਸੰਬੋਧਨ ਹੋ ਕੇ ਕਹਿੰਦੈ, ' ਜਸਵੰਤ, ਤੈਨੂੰ ਕਲਾਸ ਵਿੱਚ ਆਉਣ ਦੀ ਸਮਝ ਨਹੀਂ ?'

ਮੇਰੇ ਨਾਲਦੇ ਜਰਾ ਕੁ ਤਲਖ ਹੋਣ ਲੱਗੇ ਤਾਂ ਮੈਂ ਝੱਟਪੱਟ ਉਹਨਾਂ ਨੂੰ ਰੋਕਦਿਆਂ ਅਨਜਾਣੇ 'ਚ ਹੋਈ ਗਲਤੀ ਦੀ ਤੱਤਫੱਟ ਮੁਆਫੀ ਮੰਗੀ।

ਕੁੱਝ ਮਹੀਨਿਆਂ ਬਾਅਦ ਅਸੀਂ ਸਾਡੀ ਸੰਸਥਾ 'ਚ ਮੋਗੇ ਦੇ ਸਾਰੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਦੀ ਇੱਕ ਪੰਥਕ ਕਾਨਫਰੰਸ ਕਰਵਾਈ।

' ਉਹੀ ਅਧਿਆਪਕ' ਮੈਨੂੰ ਪੁੱਛਦੈ,' ਪੁੱਤ ਲੰਗਰ 'ਚ ਕੀ ਕੀ ਵਸਤ ਬਨਾਉਣੀ ਐਂ ?'

ਮੈਂ ਦੱਸਿਆ ਤਾਂ ਉਹ ਕਹਿੰਦੇ,' ਕਾਬਲੀ ਛੋਲੇ ਅਤੇ ਪਨੀਰ ਹਲਵਾਈ ਤੋਂ ਨਾ ਬਣਵਾਇਉ, ਉਹ ਮੈਂ ਖੁਦ ਬਣਾਵਾਂਗਾ!'

ਵਾਕਿਆ ਹੀ ਬਹੁਤ ਕਮਾਲ ਦੀ ਸਵਾਦ ਸਬਜੀ ਬਣਾਈ ਸੀ ਪਨੀਰ ਛੋਲਿਆਂ ਦੀ ਸਾਡੇ ਉਸ ਸਤਿਕਾਰਯੋਗ ਅਧਿਆਪਕ ਜੀ ਨੇ।

ਸੋ ਮੇਰਾ ਤਾਂ ਇਹੀ ਤਜਰਬਾ ਹੈ।

ਬਾਕੀ ਭਾਈ ਤੁਸੀਂ ਸਾਰੇ ਵੀ ਬਹੁਤ ਸਿਆਣੇ ਹੋ।

ਹਾਂ,

' ਖਾਲਿਸਤਾਨ ' ਦੀ ਪ੍ਰਾਪਤੀ ਦੇ ਸੰਘਰਸ਼ੀ ਹੋਣ ਦਾ ਦਾਅਵਾ ਕਰਨ ਵਾਲੇ ਆਪਾਂ ਸਾਰੇ ਇਸ ਗੱਲ ਦਾ ਖਿਆਲ ਜਰੂਰ ਰੱਖੀਏ ਕਿ,' ਗੁਰਮਤਿ ਆਧਾਰਿਤ ਬਣੇ ਖਾਲਿਸਤਾਨ ਦੇ ਰਾਜ ਪ੍ਰਬੰਧ ਹੱਥੋਂ ਕੋਈ ਵੀ ਨਾਗਰਿਕ ' ਗ਼ਮਜ਼ਦਾ ' ਤਾਂ ਬਿਲਕੁਲ ਨਹੀਂ ਹੋਵੇਗਾ।

ਹੁਣ ਆਪਾਂ ਆਪੋ ਆਪਣੀ ਮਾਨਸਿਕਤਾ ਅਤੇ ਅਮਲੀ ਵਿਹਾਰ ਦੀ ਪੜਚੋਲ ਕਰ ਲਈਏ ਕਿ,' ਕੀ ਅਸੀਂ ਇਹ ਯਕੀਨੀ ਬਣਾ ਸਕਣ ਦੇ ਸਮਰੱਥ ਹਾਂ ?'

ਐਨੀ ਮੇਰੀ ਬਾਤ। ਭੁੱਲ ਚੁੱਕ ਦੀ ਖਿਮਾਂ ।

ਦਸਮ ਪਾਤਸ਼ਾਹ ਸਭ ਥਾਈਂ ਹੋਇ ਸਹਾਇ।

**-ਜਸਵੰਤ ਸਿੰਘ ਰੋਡੇ**

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਇੰਟਰਨੈਸ਼ਨਲ ਭਾਈ ਮਰਦਾਨਾ ਸੁਸਾਇਟੀ ਵਲੋਂ ਦਿੱਲੀ ਕਮੇਟੀ ਦੇ ਪ੍ਰਧਾਨ ਦਾ ਕੀਤਾ ਸਨਮਾਨ



ਫ਼ਿਰੋਜ਼ਪੁਰ, 14 ਮਈ (ਮਨੋਹਰ ਲਾਲ) :— ਇੰਟਰਨੈਸ਼ਨਲ ਭਾਈ ਮਰਦਾਨਾ ਸੁਸਾਇਟੀ ਵਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਗੁਰਦੁਵਾਰਿਆ ਵਿੱਚ ਬਹੁਤ ਹੀ ਵਧੀਆ ਕੰਮ ਕਰ ਰਹੀ ਹੈ ਅਤੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਅੱਗੇ ਨਾਲੋਂ ਵਧੀਆ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੌਸਪੀਟਲ ਵੀ ਵਧੀਆ ਚਲਾਇਆ ਜਾ ਰਿਹਾ ਹੈ, ਜਿਸ ਦਾ ਲੋਕਾਂ ਨੂੰ ਕਾਫੀ ਲਾਭ ਮਿਲ ਰਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਵੀ ਬਚਿਆ ਲਈ ਯੋਜਨਾਵਾਂ ਚੱਲ ਰਹੀਆਂ ਹਨ ਅਤੇ ਇਨ੍ਹਾਂ ਸੇਵਾਵਾਂ ਲਈ ਹਰਮੀਤ ਸਿੰਘ ਕਾਲਕਾ ਅਤੇ ਕਮੇਟੀ ਦੇ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਹਰਮੀਤ ਸਿੰਘ ਕਾਲਕਾ ਨੇ ਸੋਸਾਇਟੀ ਦਾ ਧੰਨਵਾਦ ਕੀਤਾ ਅਤੇ ਜੀ ਆਇਆ ਆਖਿਆ। ਇਸ ਮੌਕੇ ਸੁਖਮਨੀ ਸੇਵਾ ਸੋਸਾਇਟੀ ਦੇ ਗੁਰਬਚਨ ਸਿੰਘ ਡੱਬਵਾਲੀ, ਨਨਕਾਣਾ ਸਾਹਿਬ ਫਾਊਂਡੇਸ਼ਨ ਦੇ ਰੋਬਿਨ ਸਿੰਘ ਅਤੇ ਨਿਰਮਲ ਸਿੰਘ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਹਠੂਰ ਵਿੱਚ ਨੌਜਵਾਨ ਨੂੰ ਗੋਲੀ ਮਾਰਨ ਤੇ ਦੋ ਔਰਤਾਂ ਅਤੇ ਇੱਕ ਨੌਜਵਾਨ ਖਿਲਾਫ ਪਰਚਾ ਦਰਜ





ਹਠੂਰ/ਜਗਰਾਉਂ -(ਵਰਿਆਮ ਹਠੂਰ) ਇਤਿਹਾਸਕ ਕਸਬਾ ਹਠੂਰ ਵਿਖੇ ਲੰਘੀ 12 ਮਈ ਦੀ ਰਾਤ ਨੂੰ ਇੱਕ ਟਰੈਕਟਰ ਗਲੀ (ਰਸਤੇ) ਵਿੱਚ ਖੜ੍ਹੀ ਐਕਟਿਵਾ ਨਾਲ ਟਕਰਾਉਣ ਕਾਰਨ ਤਕਰਾਰ ਵਿੱਚ ਇੱਕ ਨੌਜਵਾਨ ਵੱਲੋਂ ਟਰੈਕਟਰ ਚਾਲਕ ਦੇ ਪੁੱਤਰ ਨੂੰ ਗੋਲੀ ਮਾਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਸਾਂਝੀ ਕਰਦਿਆਂ ਥਾਣਾ ਮੁਖੀ ਹਠੂਰ ਕੁਲਦੀਪ ਕੁਮਾਰ ਨੇ ਕਿਹਾ ਕਿ ਵੀਰ ਸਿੰਘ ਪੁੱਤਰ ਰਣਧੀਰ ਸਿੰਘ ਵਾਸੀ ਪਿੰਡ ਹਠੂਰ ਨੇ ਪੁਲਿਸ ਨੂੰ ਬਿਆਨ ਦਰਜ ਕਰਵਾਉਂਦਿਆਂ ਹੋਇਆ ਦੱਸਿਆ ਕਿ ਉਸ ਦਾ ਪਿਤਾ ਰਣਧੀਰ ਸਿੰਘ ਅਤੇ ਵੱਡਾ ਭਰਾ ਜਸਵਿੰਦਰ ਸਿੰਘ ਉਰਫ ਜੱਸਾ ਟਰੈਕਟਰ ਟਰਾਲੀ ਨਾਲ ਮਿੱਟੀ ਦੀ ਢੋਆ ਢੁਆਈ ਦਾ ਕੰਮ ਕਰਦੇ ਹਨ। ਤੇ ਉਸ ਦਾ ਪਿਤਾ ਰਣਧੀਰ ਸਿੰਘ ਕੰਮ ਤੋਂ ਵਾਪਸ ਘਰ ਨੂੰ ਆ ਰਿਹਾ ਸੀ। ਤਾਂ ਜਸਵਿੰਦਰ ਕੌਰ ਉਰਫ ਪਾਲਾਂ ਪਤਨੀ ਸੁਖਵਿੰਦਰ ਸਿੰਘ ਉਰਫ ਮੰਦਰ ਵਾਸੀ ਪਿੰਡ ਹਠੂਰ ਦੇ ਘਰ ਅੱਗੇ ਖੜੀ ਐਕਟਿਵਾ ਨਾਲ ਟਰੈਕਟਰ ਦੇ ਪਿੱਛੇ ਪਾਈ ਮਸੀਨ ਦਾ ਹਿੱਸਾ ਟਕਰਾ ਗਿਆ ਤੇ ਸਕੂਟਰੀ ਡਿੱਗ ਪਈ ਤਾਂ ਜਸਵਿੰਦਰ ਕੌਰ ਉਰਫ ਪਾਲਾਂ ਤੇ ਉਸ ਦੀ ਲੜਕੀ ਕਰਮਜੀਤ ਕੌਰ ਉਰਫ ਕੰਮੋ ਦੇ ਨਾਲ-ਨਾਲ ਰਾਮਪ੍ਰੀਤ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਪਿੰਡ ਬੀੜ ਰਾਊਕੇ ਜਿਲ੍ਹਾ (ਮੋਗਾ) ਨੇ ਰਣਧੀਰ ਸਿੰਘ ਨੂੰ ਘੇਰ ਕੇ ਗਾਲੀ ਗਲੋਚ ਕਰਨ ਲੱਗ ਪਏ ਵੀਰ ਸਿੰਘ ਨੇ ਕਿਹਾ ਕਿ ਉਸ ਦਾ ਵੱਡਾ ਭਰਾ ਜਸਵਿੰਦਰ ਸਿੰਘ ਉਰਫ ਜੱਸਾ ਉਨ੍ਹਾਂ ਨੂੰ ਸਮਝਾਉਣ ਲੱਗਾ ਤਾਂ ਝਗੜੇ ਦੌਰਾਨ ਰਾਮਪ੍ਰੀਤ ਸਿੰਘ ਨੇ ਆਪਣੀ ਡੱਬ ਚੋਂ ਪਿਸਤੌਲ ਕੱਢ ਕੇ ਜਸਵਿੰਦਰ ਸਿੰਘ ਉਰਫ ਜੱਸਾ ਵੱਲ ਫਾਇਰ ਕੀਤੇ ਜੋ ਕਿ ਦੋ ਫਾਇਰ ਉਸ ਦੇ ਭਰਾ ਦੇ ਖੱਬੇ ਪੱਟ ਤੇ ਲੱਗੇ ਜਦੋਂ ਉਹ ਬਚਾਉਣ ਲਈ ਅੱਗੇ ਹੋਏ ਤਾਂ ਤਾਂ ਰਾਮਪ੍ਰੀਤ ਨੇ ਪਿਸਤੌਲ ਉਨ੍ਹਾਂ ਵੱਲ ਤਾਣਕੇ ਇੱਕ ਹਵਾਈ ਫਾਇਰ ਵੀ ਕੀਤਾ ਜਿਸ ਤੇ ਆਂਢ ਗੁਆਂਢ ਨੂੰ ਇੱਕੱਠਿਆਂ ਹੁੰਦੇ ਵੇਖ ਕੇ ਰਾਮਪ੍ਰੀਤ ਸਿੰਘ, ਜਸਵਿੰਦਰ ਕੌਰ ਉਰਫ ਪਾਲਾਂ, ਅਤੇ ਉਸ ਦੀ ਲੜਕੀ ਕਰਮਜੀਤ ਕੌਰ ਉਰਫ ਕੰਮੋ ਜਾਨੋ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਆਪਣੇ ਹਥਿਆਰ ਸਮੇਤ ਫਰਾਰ ਹੋ ਗਏ, ਉਨ੍ਹਾਂ ਦੱਸਿਆ ਕਿ ਜਸਵਿੰਦਰ ਸਿੰਘ ਨੂੰ ਜਖਮੀ ਹਾਲਤ ਵਿੱਚ ਪਹਿਲਾਂ ਸਿਵਲ ਹਸਪਤਾਲ ਹਠੂਰ ਲਿਜਾਇਆ ਗਿਆ, ਤੇ ਉੱਥੋਂ ਡਾਕਟਰਾਂ ਨੇ ਸਿਵਲ ਹਸਪਤਾਲ ਜਗਰਾਉਂ ਲਈ ਰੈਫਰ ਕਰ ਦਿੱਤਾ, ਤੇ ਉੱਥੋਂ ਵੀ ਹਾਲਤ ਵੇਖਦਿਆਂ ਫਰੀਦਕੋਟ ਹਸਪਤਾਲ ਰੈਫਰ ਕੀਤਾ ਗਿਆ, ਥਾਣਾ ਮੁਖੀ ਨੇ ਦੱਸਿਆ ਕਿ ਜਸਵਿੰਦਰ ਕੌਰ ਉਰਫ ਪਾਲਾਂ, ਕਰਮਜੀਤ ਕੌਰ ਉਰਫ ਕੰਮੋ, ਅਤੇ ਰਾਮਪ੍ਰੀਤ ਸਿੰਘ ਉਕਤਾਨ ਬਰਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ। ਜਸਵਿੰਦਰ ਕੌਰ ਉਰਫ ਪਾਲਾਂ ਅਤੇ ਕਰਮਜੀਤ ਕੌਰ ਉਰਫ ਕੰਮੋ ਨੂੰ ਗ੍ਰਿਫਤਾਰ ਕਰ ਲਿਆ ਹੈ। ਤੇ ਰਾਮਪ੍ਰੀਤ ਸਿੰਘ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਦਮਦਮੀ ਟਕਸਾਲ ਨੇ ਜੂਨ '84 ਦੇ ਸ਼ਹੀਦਾਂ ਦੀ ਯਾਦ 'ਚ

# ਪਿੰਡ ਜਫਰਵਾਲ ਵਿਖੇ ਦੀਵਾਨ ਸਜਾਏ

## ਸੰਗਤਾਂ ਕਰਮਕਾਂਡ ਛੱਡ ਕੇ ਅੰਮ੍ਰਿਤ ਛੱਕਣ 'ਤੇ ਪੂਰਨ ਸਿੰਘ ਸੱਜਣ : ਸੰਤ ਗਿਆਨੀ ਹਰਨਾਮ ਸਿੰਘ ਖਾਲਸਾ













**ਚੌਂਕ ਮਹਿਤਾ, 14 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਤੀਸਰਾ ਘੱਲੂਘਾਰਾ ਜੂਨ '84 ਦੇ ਸ਼ਹੀਦਾਂ ਦੀ ਯਾਦ ਵਿੱਚ ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ) ਦੇ ਵੱਲੋਂ ਅੱਜ ਦਸਵੇਂ ਦਿਨ ਦੇ ਸ਼ਹੀਦੀ ਦੀਵਾਨ ਪਿੰਡ ਜਫਰਵਾਲ ਵਿਖੇ ਸਜਾਏ ਗਏ। ਜਿਸ ਦੌਰਾਨ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜੱਥੇ ਨੇ ਤੰਤੀ ਸਾਜਾ ਵੱਲੋਂ ਪਾਵਨ ਗੁਰਬਾਣੀ ਦਾ ਇਲਾਹੀ ਕੀਰਤਨ ਕੀਤਾ ਗਿਆ। ਉਪਰੰਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਬਿਰਤਾਂਤ ਨਾਲ ਸਬੰਧਤ ਪਾਵਨ ਗੁਰ ਇਤਹਾਸ ਦਾ ਲੜੀਵਾਰ ਪ੍ਰਸੰਗ ਸਰਵਨ ਕਰਵਾ ਕੇ ਦੀਵਾਨ ਵਿਚ ਜੁੜੀਆਂ ਬੇਅੰਤ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਗਿਆਨੀ ਖਾਲਸਾ ਨੇ ਸੰਗਤ ਨੂੰ ਕਰਮਕਾਂਡ ਛੱਡ ਕੇ ਅੰਮ੍ਰਿਤ ਛੱਕਣ ਅਤੇ ਪੂਰਨ ਸਿੰਘ ਸੱਜਣ ਦੀ ਸੇਧ ਦਿੱਤੀ। ਸਮਾਗਮ ਦੇ ਅਖੀਰ ਵਿਚ ਪਿੰਡ ਜਫਰਵਾਲ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਿੰਡ ਦੀ ਪੰਚਾਇਤ ਨੇ ਤੇ ਹੋਰਨਾਂ ਪ੍ਰਬੰਧਕਾਂ ਦੇ ਵੱਲੋਂ ਸਿਰੋਪਾਓ ਅਤੇ ਦੁਸ਼ਾਲਾ ਭੇਟ ਕਰਕੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਸਨਮਾਨ ਕੀਤਾ ਗਿਆ। ਜਿਕਰਯੋਗ ਹੈ ਕਿ ਦਮਦਮੀ ਟਕਸਾਲ ਦੇ ਵੱਲੋਂ ਜੂਨ 1984 (ਤੀਸਰਾ ਘੱਲੂਘਾਰਾ) ਦੌਰਾਨ ਸ਼ਹੀਦ ਹੋਏ ਕੌਮੀ ਯੋਧਿਆਂ ਸਮੂਹ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਨੂੰ ਸਮਰਪਿਤ ਇਹ ਸ਼ਹੀਦੀ ਦੀਵਾਨ 31 ਮਈ ਤਕ ਜਿਲਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਵੱਖ ਵੱਖ ਨਗਰਾਂ ਵਿਚ ਲਗਾਤਾਰ ਸਜਾਏ ਜਾਣਗੇ। ਉਪਰੰਤ 1 ਤੋਂ 5 ਜੂਨ ਤਕ ਸ਼ਹੀਦੀ ਹਫਤਾ ਅਤੇ 6 ਜੂਨ ਨੂੰ 42ਵਾਂ ਸ਼ਹੀਦੀ ਸਮਾਗਮ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾਵੇਗਾ। ਇਸ ਮੌਕੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਸੁਖਦੇਵ ਸਿੰਘ, ਹੈੱਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਜਥੇਦਾਰ ਬਾਬਾ ਅਜੀਤ ਸਿੰਘ ਮੁੱਖੀ ਤਰਨਾ ਦਲ ਮਹਿਤਾ, ਜਥੇਦਾਰ ਬਾਬਾ ਬੋਹੜ ਸਿੰਘ, ਗਿਆਨੀ ਗੁਰਬਾਜ ਸਿੰਘ, ਗਿਆਨੀ ਸਾਹਿਬ ਸਿੰਘ, ਭਾਈ ਰਾਜਨਬੀਰ ਸਿੰਘ ਰਾਜਸਥਾਨੀ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਤੇ ਡਾਕਟਰ ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਗੁਰਪ੍ਰੀਤ ਸਿੰਘ ਜੋਨੀ, ਭਾਈ ਜੁਝਾਰ ਸਿੰਘ, ਭਾਈ ਪ੍ਰਭਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਗੁਰਪ੍ਰੀਤ ਸਿੰਘ ਵੈਦ, ਪ੍ਰੋਫਸਰ ਗਿਆਨੀ ਜੋਬਨਜੀਤ ਸਿੰਘ, ਭਾਈ ਨਿਰਮਲ ਸਿੰਘ, ਗਿਆਨੀ ਮੋਹਣ ਸਿੰਘ, ਭਾਈ ਗੁਰਕਿਰਪਾਲ ਸਿੰਘ, ਭਾਈ ਪ੍ਰਕਾਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮੀਰੀ ਪੀਰੀ ਕੇਸ ਹਾਈਕੋਰਟ ਚੋਂ ਜਿੱਤਣ ’ਤੇ

# ਜਥੇਦਾਰ ਦਾਦੂਵਾਲ ਜੀ ਦਾ ਹਰਿਆਣਾ ਕਮੇਟੀ ਦੇ ਅਹੁਦੇਦਾਰ ਮੈਂਬਰਾਂ ਅਤੇ ਸੰਗਤਾਂ ਨੇ ਕੀਤਾ ਵਿਸ਼ੇਸ਼ ਸਨਮਾਨ

## 24 ਮਈ ਐਤਵਾਰ ਨੂੰ ਗੁਰਦੁਆਰਾ ਦਾਦੂ ਸਾਹਿਬ ਵਿਖੇ ਹੋਵੇਗਾ ਗੁਰੂ ਦਾ ਸ਼ੁਕਰਾਨਾ ਸਮਾਗਮ



ਤਲਵੰਡੀ ਸਾਬੋ, 14 ਮਈ (ਗੁਰਜੰਟ ਸਿੰਘ ਨਥੇਹਾ)– ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਮੈਂਬਰ ਸਾਹਿਬਾਨ ਅਤੇ ਸਿੱਖ ਸੰਗਤਾਂ ਵੱਲੋਂ ਅੱਜ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੀਰੀ ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਸ਼ਾਹਬਾਦ ਮਾਰਕੰਡਾ ਦਾ ਕੇਸ ਹਾਈਕੋਰਟ ਚੋਂ ਜਿੱਤ ਕੇ ਹਰਿਆਣਾ ਕਮੇਟੀ ਹਰਿਆਣਾ ਦੀ ਸਿੱਖ ਸੰਗਤ ਦੀ ਝੋਲੀ ਪਾਉਣ ’ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਅਹੁਦੇਦਾਰ ਮੈਂਬਰ ਸਾਹਿਬਾਨ ਅਤੇ ਸਿੱਖ ਸੰਗਤਾਂ ਨੇ ਕਿਹਾ ਕਿ ਜਥੇਦਾਰ ਦਾਦੂਵਾਲ ਜੀ ਨੇ ਮਰਦਾਂ ਦੀ ਤਰਾਂ ਮਿਸ਼ਨ ਬਣਾ ਕੇ ਇਸ ਕੇਸ ਨੂੰ ਚੰਗੇ ਵਕੀਲਾਂ ਸ੍ਰੀ ਗੌਰਵ ਚੋਪੜਾ ਅਤੇ ਰਸ਼ਿਪੰਦਰ ਸਿੰਘ ਸੋਹੀ ਨੂੰ ਅੰਗੇਜ਼ ਕਰਕੇ ਲੜਿਆ ਅਤੇ ਹਾਈਕੋਰਟ ਚੋਂ ਜਿੱਤ ਕੇ ਹਰਿਆਣਾ ਕਮੇਟੀ ਹਰਿਆਣਾ ਦੀਆਂ ਸਿੱਖ ਸੰਗਤਾਂ ਦੀ ਝੋਲੀ ਵਿੱਚ ਪਾਇਆ ਹੈ। ਇਸ ਕਰਕੇ ਜਥੇਦਾਰ ਦਾਦੂਵਾਲ ਜੀ ਦੇ ਅਸੀਂ ਸਾਰੇ ਧੰਨਵਾਦੀ ਹਾਂ ਇਸ ਸਮੇਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ, ਸੀਨੀਅਰ ਮੀਤ ਪ੍ਰਧਾਨ ਸਰਦਾਰ ਗੁਰਮੀਤ ਸਿੰਘ ਰਾਮਸਰ ਕਾਲਕਾ, ਸਰਦਾਰ ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ, ਸਰਦਾਰ ਜਗਤਾਰ ਸਿੰਘ ਮਾਨ ਅੰਤਰਿੰਗ ਮੈਂਬਰ, ਸਰਦਾਰ ਤਜਿੰਦਰਪਾਲ ਸਿੰਘ ਨਾਰਨੌਲ ਅੰਤਰਿੰਗ ਮੈਂਬਰ, ਜਥੇਦਾਰ ਬਲਦੇਵ ਸਿੰਘ ਹਾਬੜੀ ਮੈਂਬਰ, ਬੀਬੀ ਕਰਤਾਰ ਕੌਰ ਸ਼ਾਹਬਾਦ ਮਾਰਕੰਡਾ ਮੈਂਬਰ, ਸਰਦਾਰ ਦੀਦਾਰ ਸਿੰਘ ਨਲਵੀ ਮੈਂਬਰ, ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ, ਸਰਦਾਰ ਰਜਿੰਦਰ ਸਿੰਘ ਬਰਾੜਾ ਮੈਂਬਰ, ਐਡਵੋਕੇਟ ਗੁਰਤੇਜ ਸਿੰਘ ਅੰਬਾਲਾ ਮੈਂਬਰ, ਸਰਪੰਚ ਭੁਪਿੰਦਰ ਸਿੰਘ ਲਾਡੀ ਪ੍ਰਧਾਨ ਮੈਂਬਰ ਪ੍ਰਤਿਨਿਧ ਬੀਬੀ ਕਪੂਰ ਕੌਰ ਸੌਕੜਾ, ਕੈਪਟਨ ਦਿਲਬਾਗ ਸਿੰਘ ਸਜਾਦਪੁਰ ਮੈਂਬਰ, ਸਰਦਾਰ ਗੁਰਪ੍ਰਸਾਦ ਸਿੰਘ ਫ਼ਰੀਦਾਬਾਦ ਸਾਬਕਾ ਅੰਤਰਿੰਗ ਮੈਂਬਰ, ਸਰਦਾਰ ਇੰਦਰਜੀਤ ਸਿੰਘ ਵਾਸੂਦੇਵਾ ਸਾਬਕਾ ਮੈਂਬਰ, ਸਰਦਾਰ ਬੇਅੰਤ ਸਿੰਘ ਨਲਵੀ ਸਾਬਕਾ ਮੈਂਬਰ, ਸਰਦਾਰ ਕਾਬਲ ਸਿੰਘ ਵਿਰਕ ਸਾਬਕਾ ਮੈਂਬਰ, ਗਿਆਨੀ ਜਗਜੀਤ ਸਿੰਘ ਮੁੱਖ ਗ੍ਰੰਥੀ ਨਾਢਾ ਸਾਹਿਬ, ਜਥੇਦਾਰ ਮਨਮੋਹਨ ਸਿੰਘ ਬਲੌਲੀ, ਜਥੇਦਾਰ ਰਜਿੰਦਰ ਸਿੰਘ ਬਕਾਲਾ, ਸਰਦਾਰ ਲਖਵਿੰਦਰ ਸਿੰਘ ਬਸੰਤਪੁਰਾ, ਸਰਦਾਰ ਬਰਿੰਦਰ ਸਿੰਘ ਕਰਨਾ ਪੇਂਟ ਪ੍ਰਧਾਨ ਗੁਰਪੁਰਬ ਪ੍ਰਬੰਧਕ ਕਮੇਟੀ ਕਰਨਾਲ, ਸਰਦਾਰ ਇੰਦਰਪਾਲ ਸਿੰਘ ਕਰਨਾਲ, ਸਰਦਾਰ ਭੁਪਿੰਦਰ ਸਿੰਘ ਸੈਣੀ, ਸਰਦਾਰ ਹਰਪਾਲ ਸਿੰਘ ਧਰਮੀ ਫ਼ੌਜੀ, ਢਾਡੀ ਮਲਕੀਤ ਸਿੰਘ ਮੀਤ, ਸਕੱਤਰ ਸਰਬਜੀਤ ਸਿੰਘ ਜੰਮੂ ਵੀ ਇਸ ਸਮੇਂ ਹਾਜ਼ਰ ਸਨ। ਜਥੇਦਾਰ ਦਾਦੂਵਾਲ ਸਾਹਿਬ ਜੀ ਨੇ ਇਸ ਇਤਿਹਾਸਕ ਜਿੱਤ ਤੇ 24 ਮਈ ਨੂੰ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਸਵੇਰੇ 9 ਤੋਂ ਦੁਪਹਿਰ 2 ਵਜੇ ਤੱਕ ਗੁਰੂ ਦਾ ਸ਼ੁਕਰਾਨਾ ਸਮਾਗਮ ਕਰਨ ਦਾ ਐਲਾਨ ਕੀਤਾ ਜਾਵੇਗਾ। ●●

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਰਾਮਾਂ ਮੰਡੀ ਵਿੱਚ ਕਾਂਗਰਸ ਅਤੇ ਅਕਾਲੀ ਦਲ ਨੂੰ ਵੱਡਾ ਝਟਕਾ

# ਪ੍ਰੋ. ਬਲਜਿੰਦਰ ਕੌਰ ਦੀ ਅਗਵਾਈ ਹੇਠ ਕਈ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ







ਤਲਵੰਡੀ ਸਾਬੋ, 14 ਮਈ (ਗੁਰਜੰਟ ਸਿੰਘ ਨਥੇਹਾ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਮਜ਼ਬੂਤ ਹੋ ਰਹੀ ਪਕੜ ਦੇ ਦਰਮਿਆਨ ਰਾਮਾਂ ਮੰਡੀ ਵਿੱਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਵੱਖ-ਵੱਖ ਵਾਰਡਾਂ ਦੇ ਪ੍ਰਮੁੱਖ ਆਗੂਆਂ ਅਤੇ ਉਹਨਾਂ ਦੇ ਪਰਿਵਾਰਾਂ ਨੇ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਇਹ ਸ਼ਾਮਿਲੀਆਂ ਹਲਕਾ ਵਿਧਾਇਕਾ, ਕੈਬਨਿਟ ਰੈਂਕ ਅਤੇ ਚੀਫ ਵਿਪ ਪ੍ਰੋ. ਬਲਜਿੰਦਰ ਕੌਰ ਦੀ ਅਗਵਾਈ ਹੇਠ ਹੋਈਆਂ। ਇਸ ਮੌਕੇ ਵਿਨੋਦ ਜੈਨ ਵਾਰਡ ਨੰਬਰ 3 ਤੋਂ, ਸੰਜੀਵ ਪੱਪੂ ਸਾਬਕਾ ਕੌਂਸਲਰ ਵਾਰਡ ਨੰਬਰ 10 ਤੋਂ, ਸੋਮਨਾਥ ਸਾਬਕਾ ਕੌਂਸਲਰ ਵਾਰਡ ਨੰਬਰ 4 ਤੋਂ ਅਤੇ ਨੀਰੂ ਬਾਂਸਲ ਵਾਰਡ ਨੰਬਰ 9 ਤੋਂ ਆਪਣੇ ਪਰਿਵਾਰਾਂ ਅਤੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਨੇ ਸਾਲਾਂ ਤੱਕ ਪੰਜਾਬ ਦੀ ਰਾਜਨੀਤੀ ਕੀਤੀ ਪਰ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਨਹੀਂ ਕੀਤਾ ਗਿਆ। ਉਹਨਾਂ ਦੋਸ਼ ਲਾਇਆ ਕਿ ਪੁਰਾਣੀਆਂ ਪਾਰਟੀਆਂ ਨੇ ਹਮੇਸ਼ਾ ਲੋਕਾਂ ਨੂੰ ਵਾਅਦਿਆਂ ਤੱਕ ਹੀ ਸੀਮਿਤ ਰੱਖਿਆ, ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਹੈ। ਇਸ ਮੌਕੇ ਬਲਜਿੰਦਰ ਕੌਰ ਨੇ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ। ਉਹਨਾਂ ਕਿਹਾ ਕਿ ਪਾਰਟੀ ਵਿੱਚ ਹਰ ਵਰਕਰ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ ਅਤੇ ਉਹਨਾਂ ਦੇ ਵਾਰਡਾਂ ਦੇ ਵਿਕਾਸ ਕੰਮ ਪਹਿਲ ਦੇ ਅਧਾਰ 'ਤੇ ਕਰਵਾਏ ਜਾਣਗੇ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਰਵਾਇਤੀ ਪਾਰਟੀਆਂ ਦੀ ਰਾਜਨੀਤੀ ਤੋਂ ਤੰਗ ਆ ਚੁੱਕੇ ਹਨ ਅਤੇ ਲੋਕ ਵਿਕਾਸ, ਸਿੱਖਿਆ, ਸਿਹਤ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੀ ਰਾਜਨੀਤੀ ਨੂੰ ਤਰਜੀਹ ਦੇ ਰਹੇ ਹਨ। ਇਸੇ ਕਰਕੇ ਦਿਨੋਂ-ਦਿਨ ਲੋਕਾਂ ਦਾ ਵਿਸ਼ਵਾਸ ਆਮ ਆਦਮੀ ਪਾਰਟੀ ਵੱਲ ਵੱਧ ਰਿਹਾ ਹੈ। ਇਸ ਮੌਕੇ ਪਾਰਟੀ ਦੇ ਹੋਰ ਆਗੂ, ਵਰਕਰ ਅਤੇ ਇਲਾਕਾ ਨਿਵਾਸੀ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਸੁਦੇਸ਼ ਵਾਟਿਕਾ ਕਾਨਵੈਂਟ ਸਕੂਲ ਭਾਗੀਵਾਂਦਰ ਵਿਖੇ

# ਵਿਦਿਆਰਥੀ ਕੈਬਨਿਟ ਮੈਂਬਰਾਂ ਦੀ ਚੋਣ




ਤਲਵੰਡੀ ਸਾਬੋ, 14 ਮਈ (ਗੁਰਜੰਟ ਸਿੰਘ ਨਥੇਹਾ)- ਸੁਦੇਸ਼ ਵਾਟਿਕਾ ਕਾਨਵੈਂਟ ਸਕੂਲ ਭਾਗੀਵਾਂਦਰ ਵਿਖੇ ਵਿਦਿਆਰਥੀਆਂ ਦੀ ਕੈਬਨਿਟ ਮੈਂਬਰਾਂ ਵਜੋਂ ਚੋਣ ਕੀਤੀ ਗਈ। ਸਕੂਲ ਦੇ ਪ੍ਰਧਾਨ ਸ੍ਰੀ ਲਗਨ ਖੁਰਾਣਾ ਅਤੇ ਪ੍ਰਿੰਸੀਪਲ ਮੈਡਮ ਮੀਨੂੰ ਗਰਗ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਬਨਿਟ ਮੈਂਬਰ ਸਕੂਲ ਦੀ ਸ਼ਾਨ ਹੁੰਦੇ ਹਨ ਅਤੇ ਉਹਨਾਂ ਨੂੰ ਇਮਾਨਦਾਰੀ, ਅਨੁਸ਼ਾਸਨ ਅਤੇ ਸਮਰਪਣ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ ਦੀ ਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ। ਚੋਣ ਪ੍ਰਕਿਰਿਆ ਦੌਰਾਨ ਵਿਦਿਆਰਥੀਆਂ ਦੀ ਯੋਗਤਾ, ਅਨੁਸ਼ਾਸਨ, ਪੜ੍ਹਾਈ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਭਾਗੀਦਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਹੈੱਡ ਬੁਆਏ ਹਰਮਨਜੋਤ ਸਿੰਘ ਕਲਾਸ ਦਸਵੀਂ, ਅਰਾਧਨਾ ਹੈੱਡ ਗਰਲ ਕਲਾਸ ਦਸਵੀਂ ਦੇ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਇਸ ਦੇ ਨਾਲ ਹੀ ਸ਼ਹੀਦ ਊਧਮ ਸਿੰਘ ਹਾਊਸ, ਰਾਣੀ ਲਕਸ਼ਮੀ ਬਾਈ ਹਾਊਸ, ਡਾ.ਅੰਬੇਦਕਰ ਹਾਊਸ ਅਤੇ, ਡਾ.ਰਾਧਾ ਕ੍ਰਿਸ਼ਨ ਹਾਊਸ ਦੇ ਕ੍ਰਮਵਾਰ ਹਾਊਸ ਵਾਈਜ ਕੈਪਟਨ ਗੁਰਮਨ ਕੌਰ, ਨਵਨੀਤ ਕੌਰ, ਲਵਪ੍ਰੀਤ ਕੌਰ ਅਤੇ ਏਕਮਦੀਪ ਕੌਰ ਕਲਾਸ ਦਸਵੀਂ ਅਤੇ ਵਾਈਸ ਹੈੱਡ ਬੁਆਏ ਤਰਨਵੀਰ ਸਿੰਘ, ਵਾਈਸ ਹੈੱਡ ਗਰਲ ਖੁਸ਼ਮਨ ਕੌਰ, ਜਗਦੀਪ ਸਿੰਘ, ਏਕਮਨੂਰ ਕੌਰ, ਖੁਸ਼ਵੀਰ ਕੌਰ, ਨਰਿੰਦਰਪ੍ਰੀਤ ਕੌਰ ਕਲਾਸ ਨੌਵੀਂ ਦੇ ਵਿਦਿਆਰਥੀ ਨੂੰ ਵਾਈਸ ਹਾਊਸ ਕੈਪਟਨ ਚੁਣੇ ਗਏ। ਡਿਸਪਲਿਨ ਕੈਪਟਨ ਸਹਿਜਪ੍ਰੀਤ ਕੌਰ ਕਲਾਸ ਦਸਵੀਂ ਅਤੇ ਵਾਈਸ ਡਿਸਪਲਿਨ ਕੈਪਟਨ ਰਾਮਪ੍ਰੀਤ ਸਿੰਘ ਕਲਾਸ ਨੌਵੀਂ ਦੇ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਸਪੋਰਟਸ ਕੈਪਟਨ ਜੈਸਮੀਨ ਕੌਰ ਕਲਾਸ ਦਸਵੀਂ ਅਤੇ ਵਾਈਸ ਸਪੋਰਟਸ ਕੈਪਟਨ ਹਰਮਨ ਸਿੰਘ ਕਲਾਸ ਨੌਵੀਂ ਦੇ ਵਿਦਿਆਰਥੀ ਅਤੇ ਕਲਚਰਲ ਕੈਪਟਨ ਰਾਜਵੀਰ ਕੌਰ ਕਲਾਸ ਦਸਵੀਂ ਤੇ ਵਾਈਸ ਕਲਚਰਲ ਕੈਪਟਨ ਪਾਇਲ ਕਲਾਸ ਨੌਵੀਂ ਦੇ ਵਿਦਿਆਰਥੀ ਚੁਣੇ ਗਏ ਵਿਦਿਆਰਥੀਆਂ ਨੂੰ ਬੈਚ ਲਗਾ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੇ ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਸ੍ਰੋਤ ਬਣਨ ਦੀ ਸਹੁੰ ਚੁੱਕੀ। ਅਧਿਆਪਕਾਂ ਨੇ ਵੀ ਚੁਣੇ ਗਏ ਕੈਬਨਿਟ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਵਿਨੋਦ ਖੁਰਾਣਾ, ਸਕੂਲ ਪ੍ਰਧਾਨ ਲਗਨ ਖੁਰਾਣਾ, ਪ੍ਰਿੰਸੀਪਲ ਮੈਡਮ ਮੀਨੂੰ ਗਰਗ, ਸੀਨੀਅਰ ਸਕੂਲ ਕੋਆਰਡੀਨੇਟਰ ਬੇਅੰਤ ਕੌਰ, ਜੂਨੀਅਰ ਕੋਆਰਡੀਨੇਟਰ ਕਿਰਨਦੀਪ ਕੌਰ, ਮੈਡਮ ਪਰਮਿੰਦਰ ਕੌਰ ਅਤੇ ਮੈਡਮ ਸ਼ਾਲੂ ਤੋਂ ਇਲਾਵਾ ਸਕੂਲ ਦਾ ਸਟਾਫ਼ ਹਾਜ਼ਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਪਾਵਰਕੌਮ ਐਂਡ ਟਰਾਸਕੋ ਪੈਨਸ਼ਨ ਯੂਨੀਅਨ ਦੀ ਅਹਿਮ ਮੰਗਾਂ ਸੰਬੰਧੀ ਹੋਈ ਮੀਟਿੰਗ-ਮਨਜੀਤ ਸਿੰਘ



**ਜੰਡਿਆਲਾ ਗੁਰੂ 14 ਮਈ (ਕੁਲਵੰਤ ਸਿੰਘ ਵਿਰਦੀ )**-ਅੱਜ ਜਾਣਕਾਰੀ ਸਾਂਝੀ ਕਰਦਿਆ ਹੋਇਆ ਸ੍ਰ ਮਨਜੀਤ ਸਿੰਘ ਗੁਨੋਵਾਲ ਸੀਨੀਅਰ ਮੀਤ ਪ੍ਰਧਾਨ ਨੇ ਕਿਹਾ ਕਿ ਬੀਤੇ ਦਿਨੀ ਪਾਵਰਕੌਮ ਐਂਡ ਟਰਾਸਕੋ ਪੈਨਸ਼ਨ ਯੂਨੀਅਨ ਦੀ ਹੋਣ ਵਾਲੀ ਹਰ ਮਹੀਨੇ ਹੋਣ ਵਾਲੀ ਮੀਟਿੰਗ ਵਿੱਚ ਮੁਲਾਜਮਾਂ ਦੀਆਂ ਅਹਿਮ ਮੰਗਾਂ ਤੇ ਵਿਚਾਰ ਵਟਾਂਦਰਾ ਹਰਭਜਨ ਸਿੰਘ ਦਾਊਦ ਦੀ ਪ੍ਰਧਾਨਗੀ ਹੇਠ ਬਾਬਾ ਬਕਾਲਾ ਸਾਹਿਬ ਵਿਖੇ ਕੀਤਾ ਗਿਆ ! ਜਿਸ ਵਿੱਚ ਲੰਮੇ ਸਮੇਂ ਤੋਂ ਅਧਿਕਾਰੀਆਂ ਤੇ ਸਰਕਾਰ ਕੋਲੋਂ ਮੰਗ ਕੀਤੀ ਜਾ ਰਹੀ ਹੈ ਪਾਵਰਕਾਮ ਦੇ ਪ੍ਰਬੰਧਕਾਂ ਤੋਂ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ ,ਕੱਚੇ ਮੁਲਾਜਮ ਪੱਕੇ ਕੀਤੇ ਜਾਣ ,ਮਹਿਕਮੇ ਚ ਨਵੀਂ ਭਰਤੀ ਕੀਤੀ ਜਾਵੇ ,ਮੁਲਾਜਮਾਂ ਦਾ ਡੀ ਏ ਦਾ ਬਣਦਾ ਬਕਾਇਆ ਇਕੋ ਕਿਸਤ ਵਿੱਚ ਦਿੱਤਾ ਜਾਵੇ ਅਤੇ ਮੈਡੀਕਲ ਭੱਤਾ 2 ਹਜਾਰ ਰੁਪਏ ਦਿੱਤਾ ਜਾਵੇ ! ਇਸ ਮੌਕੇ ਜੱਸਾ ਸਿੰਘ ਦਾਊਦ ,ਲਖਵਿੰਦਰ ਸਿੰਘ ਰਾਮਪੁਰ, ਭਗਵੰਤ ਸਿੰਘ ਮੀਆਂਵਿੰਡ, ਸੰਤੋਖ ਸਿੰਘ ਜੇਈ,ਮੁਖਤਾਰ ਸਿੰਘ ਥੋਥੀਆਂ ,ਹਰਭਜਨ ਸਿੰਘ ਮਹਿਸਮਪੁਰ, ਬਲਦੇਵ ਸਿੰਘ ਬੁਟਾਰੀ ,ਸਵਿੰਦਰ ਸਿੰਘ ਤਿੰਮੋਵਾਲ, ਚਰਨਜੀਤ ਸਿੰਘ ਤਿੰਮੋਵਾਲ, ਕੁਲਵੰਤ ਸਿੰਘ ਥੋਥੀਆਂ,ਕੁਲਵੰਤ ਸਿੰਘ ਸਠਿਆਲਾ ਆਦਿ ਵੱਲੋਂ ਮੀਟਿੰਗ ਵਿੱਚ ਹਿਸਾ ਲਿਆ ਗਿਆ !

ਆਵਾਜ਼ਿ ਕੌਮ AWAZE QAUM International Newspaper & WEB TV

## ਨਗਰ ਕੌਂਸਲ ਸੁਨਾਮ 'ਚ 5 ਤੇ ਨਗਰ ਕੌਂਸਲ ਧੂਰੀ 'ਚ 9 ਨਾਮਜ਼ਦਗੀਆ, ਨਗਰ ਕੌਂਸਲ ਭਵਾਨੀਗੜ੍ਹ ਤੇ ਲੌਂਗੋਵਾਲ 'ਚ ਕੋਈ ਨਾਮਜ਼ਦਗੀ ਪੱਤਰ ਦਾਖਲ ਨਹੀਂ ਹੋਇਆ

**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) -ਕਮ- ਵਧੀਕ ਜ਼ਿਲ੍ਹਾ ਚੋਣ ਅਫਸਰ, ਸੰਗਰੂਰ, ਸ. ਸੁਖਚੈਨ ਸਿੰਘ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੀਆਂ ਚਾਰ ਨਗਰ ਕੌਂਸਲ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਅੱਜ ਦੂਜੇ ਦਿਨ ਕੁੱਲ 14 ਉਮੀਦਵਾਰਾਂ ਵੱਲੋਂ ਆਪਣੇ ਕਾਗਜ ਭਰੇ ਗਏ ਹਨ। ਉਹਨਾਂ ਦੱਸਿਆ ਕਿ ਨਗਰ ਕੌਂਸਲ ਸੁਨਾਮ ਵਿਖੇ ਅੱਜ 5 ਉਮੀਦਵਾਰਾਂ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਭਰੇ ਗਏ ਹਨ। ਜਦਕਿ ਨਗਰ ਕੌਂਸਲ ਧੂਰੀ ਵਿਖੇ 9 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਉਨਾਂ ਦੱਸਿਆ ਕਿ ਨਗਰ ਕੌਂਸਲ ਭਵਾਨੀਗੜ੍ਹ ਤੇ ਲੌਂਗੋਵਾਲ ਵਿਖੇ ਕਿਸੇ ਵੀ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਨਹੀਂ ਕੀਤੇ ਗਏ ਹਨ। ਵਧੀਕ ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੀਆਂ ਚਾਰ ਨਗਰ ਕੌਂਸਲਾਂ ਸਨਾਮ, ਧੂਰੀ, ਭਵਾਨੀਗੜ੍ਹ ਤੇ ਲੌਂਗੋਵਾਲ ਲਈ ਹੋਣ ਵਾਲੀਆਂ ਚੋਣਾਂ ਲਈ 16/05/2026 ਤਕ ਨਾਮਜ਼ਦਗੀ ਪੱਤਰ ਨਿਰਧਾਰਿਤ ਥਾਵਾਂ 'ਤੇ ਸਵੇਰੇ 11 ਵਜੇ ਤੋਂ ਦੁਪਹਿਰ 03 ਵਜੇ ਤਕ ਪ੍ਰਾਪਤ ਕੀਤੇ ਜਾ ਰਹੇ ਹਨ।

## ਅੰਮ੍ਰਿਤਸਰ ਸਾਹਿਬ ਦੀ ਚਾਰਦੀਵਾਰੀ ਅੰਦਰ ਸ਼ਰਾਬ, ਮੀਟ ,ਨਸ਼ੀਲੇ ਪਦਾਰਥਾਂ ਦੀ ਵਿਕਰੀ ਤੇ ਸਟੋਰੇਜ ਤੇ ਜਿਲ੍ਹਾ ਮੈਜਿਸਟਰੇਟ ਵੱਲੋਂ ਮੁਕੰਮਲ ਪਾਬੰਦੀ ਲਗਾਉਣਾ ਸਲਾਘਾਯੋਗ ਰਣਜੀਤ ਸਿੰਘ ਭੋਮਾ



**ਜੰਡਿਆਲਾ ਗੁਰੂ, 14 ਮਈ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਹੁਕਮਾਂ ਤੇ ਅੰਮ੍ਰਿਤਸਰ ਸ਼ਹਿਰ ਦੀ ਚਾਰਦੀਵਾਰੀ, ਸ੍ਰੀ ਆਨੰਦਪੁਰ ਸਾਹਿਬ, ਤਲਵੰਡੀ ਸਾਬੋ (ਸ੍ਰੀ ਦਮਦਮਾ ਸਾਹਿਬ), ਬਠਿੰਡਾ ਨੂੰ ਪਵਿੱਤਰ ਸ਼ਹਿਰ ਘੋਸ਼ਿਤ ਕਰਦੇ ਹੋਏ ਇਹਨਾਂ ਪਵਿੱਤਰ ਸ਼ਹਿਰਾਂ ਦੇ ਨਿਰਧਾਰਤ ਸਥਾਨਾਂ ਤੇ ਸ਼ਰਾਬ, ਮੀਟ, ਪਾਨ, ਬੀੜੀ/ਸਿਗਰਟ/ਤੰਬਾਕੂ ਅਧਾਰਿਤ ਪਦਾਰਥਾਂ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਵਿਕਰੀ ਅਤੇ ਸਟੋਰੇਜ਼ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਣ ਲਈ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਸੀ। ਇਸ ਸਬੰਧੀ ਸ੍ਰੀ ਦਲਵਿੰਦਰਜੀਤ ਸਿੰਘ, ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਸ਼ਹਿਰ ਦੀ ਚਾਰਦੀਵਾਰੀ ਪਵਿੱਤਰ ਸ਼ਹਿਰ ਵਿੱਚ ਪਾਨ, ਬੀੜੀ/ਸਿਗਰਟ/ਤੰਬਾਕੂ ਅਧਾਰਿਤ ਪਦਾਰਥਾਂ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਵਿਕਰੀ ਅਤੇ ਸਟੋਰੇਜ਼ ਤੇ ਪੂਰਨ ਪਾਬੰਦੀ ਲਗਾਈ ਹੈ। ਇਸ ਸਭ ਬਾਰੇ ਜਾਣਕਾਰੀ ਸਾਂਝੀ ਕਰਦਿਆ ਹੋਇਆ ਸਮਾਜ ਸੁਧਾਰ ਸੰਸਥਾ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਜਿਲ੍ਹਾ ਮੈਜਿਸਟਰੇਟ ਨੇ ਦੱਸਿਆ ਹੈ ਕਿ ਉਪਰੋਕਤ ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਇਹ ਹੁਕਮ 7 ਜੁਲਾਈ 2026 ਤੱਕ ਲਾਗੂ ਰਹੇਗਾ। ਉਨ੍ਹਾਂ ਦੱਸਿਆ ਕਿ ਸਿਵਲ ਸਰਜਨ, ਅੰਮ੍ਰਿਤਸਰ ਇਸ ਹੁਕਮ ਦਾ ਪਾਲਣ ਕਰਵਾਉਣ ਲਈ ਜਿੰਮੇਵਾਰ ਹੋਣਗੇ। ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਅਸੀ ਸਰਕਾਰ ਤੇ ਪ੍ਰਸ਼ਾਸਨ ਦਾ ਧੰਨਵਾਦ ਕਰਦੇ ਹਾਂ ਜਿੰਨਾ ਗੁਰੂ ਨਗਰੀ ਦੇ ਅੰਦਰ ਬਾਹਰ 12 ਗੇਟਾਂ ਦੇ ਚੱਲ ਰਹੀਆਂ ਸਰਾਬ ਮੀਟ ਮੱਛੀ ਪਾਨ ਬੀੜੀਆਂ ਤਮਾਕੂ ਦੀਆਂ ਸਾਰੀਆਂ ਦੁਕਾਨਾਂ ਪੱਕੇ ਤੌਰ ਬੰਦ ਕਰਾਉਣ ਲਈ ਸਖਤ ਆਦੇਸ਼ ਕੀਤਾ ਹੈ ਪਵਿੱਤਰ ਸ਼ਹਿਰ ਦਾ ਦਰਜਾ ਲਾਗੂ ਕਰਾਉਣ ਲਈ ਡਿਪਟੀ ਕਮਿਸਨਰ ਅੰਮਿਤਸਰ ਦਲਵਿੰਦਰ ਜੀਤ ਸਿੰਘ ਵੱਲੋਂ ਆਦੇਸ਼ ਸਲਾਘਾਯੋਗ ਹੈ ਇਸ ਮੰਗ ਨੂੰ ਪੂਰਾ ਕੀਤਾ ਹੈ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਆਉਣ ਵਾਲੇ ਹਰੇਕ ਸਰਧਾਲੂ ਦੀ ਭਾਵਨਾਵਾਂ ਦੀ ਕਦਰ ਤੇ ਸਤਿਕਾਰ ਕੀਤਾ ਹੈ ਅਸੀਂ ਸਰਕਾਰ ਕੋਲੋਂ ਇਕ ਇਹ ਜਰੂਰੀ ਮੰਗ ਕਰਦੇ ਹਾਂ ਕਿ ਚੌਕ ਮਹਾ ਸਿੰਘ ਤੇ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਨੂੰ ਆਉਣ ਵਾਲੇ ਐਂਟਰੀ ਰਸਤੇ ਤੇ ਸਰਾਬ ਦੇ ਠੇਕੇ ਬੰਦ ਕਰਕੇ ਸੁੰਦਰ ਸੁਨਹਿਰੀ ਗੇਟ ਬਣਾਏ ਜਾਣ ਅਤੇ ਇਨਾਂ ਗੇਟਾਂ ਦੇ ਥੱਲੇ ਠੰਡੇ ਜਲ ਦੀਆਂ ਛਬੀਲਾਂ ਲਗਾਈਆਂ ਜਾਣ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਖੁਸੀਆ ਅਤੇ ਸਮੂਹ ਸੰਗਤਾਂ ਦੀਆ ਅਸੀਸਾਂ ਹਾਸਲ ਕੀਤੀਆਂ ਜਾਣ ਇਸ ਮੌਕੇ ਪ੍ਰਧਾਨ ਰਣਜੀਤ ਸਿੰਘ ਭੋਮਾ ਸਮਾਜ ਸੁਧਾਰ ਸੰਸਥਾ ਪੰਜਾਬ ਤੋਂ ਇਲਾਵਾ ਬਾਬਾ ਹਰ ਪ੍ਰਗਟ ਸਿੰਘ ਅੰਮਿਤਸਰ , ਬਲਦੇਵ ਸਿੰਘ ਜੀਰਾ , ਡਾ ਸੁਖਦੀਪ ਸਿੰਘ ਨਵਾਂ ਨਾਗ , ਨੇ ਆਖਰ ਵਿੱਚ ਕਿਹਾ ਕਿ ਪਵਿੱਤਰ ਸ਼ਹਿਰ ਦਾ ਦਰਜਾ ਲਾਗੂ ਕਰਾਉਣ ਲਈ ਡਿਪਟੀ ਕਮਿਸਨਰ ਅੰਮਿਤਸਰ ਵੱਲੋਂ 12 ਗੇਟਾਂ ਦੇ ਅੰਦਰ ਬਾਹਰ ਚੱਲ ਰਹੇ ਸਰਾਬ ਦੇ ਠੇਕੇ ਤੇ ਪਾਨ ਬੀੜੀਆਂ ਤਮਾਕੂ ਮੀਟ ਮੱਛੀ ਦੀਆਂ ਦੁਕਾਨਾਂ ਪੱਕੇ ਤੌਰ ਬੰਦ ਕਰਨ ਦਾ ਐਲਾਨ ਸਲਾਘਾਯੋਗ ਹੈ !

ਆਵਾਜ਼ਿ ਕੌਮ AWAZE QAUM International Newspaper & WEB TV

### ਗੁਰੂ ਨਾਨਕ ਦੇਵ ਗਲੋਬਲ ਅਕੈਡਮੀ ਚੰਨਣਕੇ ਦੀਆਂ

# ਲੜਕੀਆਂ ਨੇ ਮਾਰੀਆਂ ਮੱਲਾਂ

## 12ਵੀਂ (ਸੀ.ਬੀ.ਐੱਸ.ਈ.) ਦੇ ਸਾਇੰਸ ਗਰੁੱਪ 'ਚ 96.8 ਨਾਲ ਕੋਮਲਪ੍ਰੀਤ ਤੇ ਕਾਮਰਸ 'ਚ 94.80 ਨਾਲ ਜਸ਼ਨਪ੍ਰੀਤ ਰਹੀ ਅੱਵਲ-ਡਾਇਰੈਕਟਰ ਮੈਡਮ ਕੁਲਵੰਤ ਕੌਰ ਬਾਠ
















ਚੌਂਕ ਮਹਿਤਾ,14 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਨਾਨਕ ਦੇਵ ਗਲੋਬਲ ਅਕੈਡਮੀ ਚੰਨਣਕੇ ਅੱਡਾ ਨਾਥ ਦੀ ਖੂਹੀ ਵਿਖੇ ਸੀ.ਬੀ.ਐੱਸ.ਈ.ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜੇ ਦੌਰਾਨ ਇਸ ਵਾਰ ਲੜਕਿਆਂ ਦੇ ਮੁਕਾਬਲੇ ਲੜਕੀਆਂ ਮੋਹਰੀ ਰਹੀਆਂ। ਸਕੂਲ ਪ੍ਰਿੰ. ਸ੍ਰੀ ਮਤੀ ਰਿਤੂ ਖਨੇਜਾ ਨੇ ਨਤੀਜੇ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਾਇੰਸ ਗਰੁੱਪ(ਮੈਡੀਕਲ- ਨਾਨ ਮੈਡੀਕਲ)'ਚ ਕੋਮਲਪ੍ਰੀਤ ਕੌਰ 96.8 ਫੀਸਦੀ ਨਾਲ ਸਕੂਲ਼ ਤੋਂ ਅੱਵਲ ਰਹੀ,ਜਦਕਿ ਹੁਨਰਪ੍ਰੀਤ ਕੌਰ 94 ਫੀਸਦੀ ਨਾਲ ਦੂਸਰੀ ,ਸੁਖਮਨਪ੍ਰੀਤ ਕੌਰ 91.4 ਫੀਸਦੀ ਨਾਲ ਤੀਸਰੀ ਤੇ ਦਿਲਮਹਿਕ ਕੌਰ 90.4 ਫੀਸਦੀ ਅੰਕਾਂ ਨਾਲ ਚੌਥੀ ਪੁਜੀਸ਼ਨ ਹਾਸਲ ਕੀਤੀ।ਇਸ ਤਰ੍ਹਾਂ ਕਾਮਰਸ ਗੁਰੱਪ ਤੋਂ 94.8 ਫੀਸਦੀ ਨਾਲ ਜਸ਼ਨਪ੍ਰੀਤ ਕੌਰ ਪਹਿਲੇ,90.4 ਫੀਸਦੀ ਨਾਲ ਖੁਸ਼ਦੀਪ ਕੌਰ ਦੂਸਰੇ ਤੇ 90 ਫੀਸਦੀ ਅੰਕ ਲੈ ਕੇ ਗੁਰਪ੍ਰੀਤ ਕੌਰ ਤੀਸਰੇ ਸਥਾਨ 'ਤੇ ਰਹੀ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਕੁਲਜੀਤ ਸਿੰਘ ਬਾਠ ਤੇ ਡਾਇਰੈਕਟਰ ਸ੍ਰੀਮਤੀ ਕੁਲਵੰਤ ਕੌਰ ਨੇ ਇਸ ਨਤੀਜੇ ਲਈ ਹੋਣਹਾਰ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਸਮੂਹ ਵਿਦਿਆਰਥੀਆਂ ਨੂੰ ਭਵਿੱਖ 'ਚ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਤੇ ਮੁੱਖ ਪ੍ਰਬੰਧਕ ਮੈਡਮ ਮਨਜੀਤ ਕੌਰ ਸਮੇਤ ਸਮੂਹ ਸਟਾਫ ਨੇ ਸਕੂਲ਼ ਦੇ ਇੰਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਚੰਗੇਰੇ ਭਵਿੱਖ ਲਈ ਆਪਣੀਆਂ ਨਿੱਘੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਮੈਡੀਕਲ ਖੇਤਰ 'ਚ ਜਾਣਾ ਚਾਹੁੰਦੀ ਹੈ ਕੋਮਲਪ੍ਰੀਤ ਮੈਡੀਕਲ ਸਟ੍ਰੀਮ 'ਚ 96.8 ਫੀਸਦੀ ਨੰਬਰ ਲੈ ਕੇ ਗੂਰੂ ਨਾਨਕ ਦੇਵ ਗਲੋਬਲ ਅਕੈਡਮੀ ਤੋਂ ਟਾਪਰ ਰਹੀ ਵਿਦਿਆਰਥਣ ਕੋਮਲਪ੍ਰੀਤ ਕੌਰ 'ਨੀਟ' ਪਾਸ ਕਰਕੇ ਮੈਡੀਕਲ ਖੇਤਰ 'ਚ ਅੱਗੇ ਵੱਧਣਾ ਚਾਹੁੰਦੀ ਹੈ ਉਸਨੇ ਇਸ ਮਾਣਮੱਤੀ ਪ੍ਰਾਪਤੀ ਦਾ ਸਿਹਰਾ ਆਪਣੇ ਅਧਿਆਪਕਾਂ ਤੇ ਮਾਤਾ-ਪਿਤਾ ਨੂੰ ਦਿੰਦੇ ਹੋਏ ਕਿਹਾ ਕਿ ਉਹ ਆਪਣੇ ਇਸ ਨਤੀਜੇ ਤੋਂ ਬਹੁਤ ਖੁਸ਼ ਹੈ ਤੇ ਭੱਵਿਖ 'ਚ ਹੋਰ ਵੀ ਜ਼ਿਆਦਾ ਮਿਹਨਤ ਕਰੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਮੀਰੀ ਪੀਰੀ ਕੇਸ ਹਾਈਕੋਰਟ ਚੋਂ ਜਿੱਤਣ ਤੇ ਜਥੇਦਾਰ ਦਾਦੂਵਾਲ ਜੀ ਦਾ

# ਹਰਿਆਣਾ ਕਮੇਟੀ ਦੇ ਅਹੁਦੇਦਾਰ ਮੈਂਬਰਾਂ ਅਤੇ ਸੰਗਤਾਂ ਨੇ ਕੀਤਾ ਵਿਸ਼ੇਸ਼ ਸਨਮਾਨ

## 24 ਮਈ ਐਤਵਾਰ ਨੂੰ ਗੁਰਦੁਆਰਾ ਦਾਦੂ ਸਾਹਿਬ ਵਿਖੇ ਹੋਵੇਗਾ ਗੁਰੂ ਦਾ ਸ਼ੁਕਰਾਨਾ ਸਮਾਗਮ














(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

**ਪੰਚਕੂਲਾ, 14 ਮਈ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਮੈਂਬਰ ਸਾਹਿਬਾਨ ਅਤੇ ਸਿੱਖ ਸੰਗਤਾਂ ਵੱਲੋਂ ਅੱਜ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੀਰੀ ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਸ਼ਾਹਬਾਦ ਮਾਰਕੰਡਾ ਦਾ ਕੇਸ ਹਾਈਕੋਰਟ ਚੋਂ ਜਿੱਤ ਕੇ ਹਰਿਆਣਾ ਕਮੇਟੀ ਹਰਿਆਣਾ ਦੀ ਸਿੱਖ ਸੰਗਤ ਦੀ ਝੋਲੀ ਪਾਉਣ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ ਅਹੁਦੇਦਾਰ ਮੈਂਬਰ ਸਾਹਿਬਾਨ ਅਤੇ ਸਿੱਖ ਸੰਗਤਾਂ ਨੇ ਕਿਹਾ ਕਿ ਜਥੇਦਾਰ ਦਾਦੂਵਾਲ ਜੀ ਨੇ ਮਰਦਾਂ ਦੀ ਤਰਾਂ ਮਿਸ਼ਨ ਬਣਾ ਕੇ ਇਸ ਕੇਸ ਨੂੰ ਚੰਗੇ ਵਕੀਲਾਂ ਸ੍ਰੀ ਗੌਰਵ ਚੋਪੜਾ ਅਤੇ ਰਸ਼ਿਪੰਦਰ ਸਿੰਘ ਸੋਹੀ ਨੂੰ ਅੰਗੇਜ਼ ਕਰਕੇ ਲੜਿਆ ਅਤੇ ਹਾਈਕੋਰਟ ਚੋਂ ਜਿੱਤ ਕੇ ਹਰਿਆਣਾ ਕਮੇਟੀ ਹਰਿਆਣਾ ਦੀਆਂ ਸਿੱਖ ਸੰਗਤਾਂ ਦੀ ਝੋਲੀ ਵਿੱਚ ਪਾਇਆ ਹੈ ਇਸ ਕਰਕੇ ਜਥੇਦਾਰ ਦਾਦੂਵਾਲ ਜੀ ਦੇ ਅਸੀਂ ਸਾਰੇ ਧੰਨਵਾਦੀ ਹਾਂ ਜਥੇਦਾਰ ਦਾਦੂਵਾਲ ਜੀ ਦਾ ਹਰਿਆਣਾ ਕਮੇਟੀ ਦੇ ਮੌਜੂਦਾ ਅਹੁਦੇਦਾਰ ਮੈਂਬਰ ਸਾਹਿਬਾਨ ਸਾਬਕਾ ਅਹੁਦੇਦਾਰ ਮੈਂਬਰ ਸਾਹਿਬਾਨ ਸਟਾਫ ਅਤੇ ਕਾਲਕਾ ਪਿੰਜੌਰ ਪੰਚਕੂਲਾ ਯਮੁਨਾਨਗਰ ਅੰਬਾਲਾ ਕੈਂਥਲ ਕਰਨਾਲ ਸ਼ਾਹਬਾਦ ਮਾਰਕੰਡਾ ਕੁਰੂਕਸ਼ੇਤਰ ਮੀਰੀ ਪੀਰੀ ਹਸਪਤਾਲ ਸਟਾਫ ਫ਼ਰੀਦਾਬਾਦ ਨਾਰਨੌਲ ਸਿਰਸਾ ਮਹਿੰਦਰਗੜ ਦੀ ਸਿੱਖ ਸੰਗਤ ਨੇ ਸਿਰੋਪਾਉ ਸ੍ਰੀ ਸਾਹਿਬ ਭੇਂਟ ਕਰਕੇ ਜੈਕਾਰਿਆਂ ਦੀ ਗੂੰਜ ਵਿੱਚ ਵਿਸ਼ੇਸ਼ ਸਨਮਾਨ ਕੀਤਾ ਇਸ ਸਮੇਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ,ਸੀਨੀਅਰ ਮੀਤ ਪ੍ਰਧਾਨ ਸਰਦਾਰ ਗੁਰਮੀਤ ਸਿੰਘ ਰਾਮਸਰ ਕਾਲਕਾ,ਸਰਦਾਰ ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ,ਸਰਦਾਰ ਜਗਤਾਰ ਸਿੰਘ ਮਾਨ ਅੰਤਰਿੰਗ ਮੈਂਬਰ, ਸਰਦਾਰ ਤਜਿੰਦਰਪਾਲ ਸਿੰਘ ਨਾਰਨੌਲ ਅੰਤਰਿੰਗ ਮੈਂਬਰ,ਜਥੇਦਾਰ ਬਲਦੇਵ ਸਿੰਘ ਹਾਬੜੀ ਮੈਂਬਰ,ਬੀਬੀ ਕਰਤਾਰ ਕੌਰ ਸ਼ਾਹਬਾਦ ਮਾਰਕੰਡਾ ਮੈਂਬਰ,ਸਰਦਾਰ ਦੀਦਾਰ ਸਿੰਘ ਨਲਵੀ ਮੈਂਬਰ,ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ,ਸਰਦਾਰ ਰਜਿੰਦਰ ਸਿੰਘ ਬਰਾੜਾ ਮੈਂਬਰ,ਐਡਵੋਕੇਟ ਗੁਰਤੇਜ ਸਿੰਘ ਅੰਬਾਲਾ ਮੈਂਬਰ,ਸਰਪੰਚ ਭੁਪਿੰਦਰ ਸਿੰਘ ਲਾਡੀ ਪ੍ਰਧਾਨ ਮੈਂਬਰ ਪ੍ਰਤਿਨਿਧ ਬੀਬੀ ਕਪੂਰ ਕੌਰ ਸੌਕੜਾ,ਕੈਪਟਨ ਦਿਲਬਾਗ ਸਿੰਘ ਸਜਾਦਪੁਰ ਮੈਂਬਰ,ਸਰਦਾਰ ਗੁਰਪ੍ਰਸਾਦ ਸਿੰਘ ਫ਼ਰੀਦਾਬਾਦ ਸਾਬਕਾ ਅੰਤਰਿੰਗ ਮੈਂਬਰ,ਸਰਦਾਰ ਇੰਦਰਜੀਤ ਸਿੰਘ ਵਾਸੂਦੇਵਾ ਸਾਬਕਾ ਮੈਂਬਰ,ਸਰਦਾਰ ਬੇਅੰਤ ਸਿੰਘ ਨਲਵੀ ਸਾਬਕਾ ਮੈਂਬਰ,ਸਰਦਾਰ ਕਾਬਲ ਸਿੰਘ ਵਿਰਕ ਸਾਬਕਾ ਮੈਂਬਰ,ਗਿਆਨੀ ਜਗਜੀਤ ਸਿੰਘ ਮੁੱਖ ਗ੍ਰੰਥੀ ਨਾਢਾ ਸਾਹਿਬ,ਜਥੇਦਾਰ ਮਨਮੋਹਨ ਸਿੰਘ ਬਲੌਲੀ,ਜਥੇਦਾਰ ਰਜਿੰਦਰ ਸਿੰਘ ਬਕਾਲਾ,ਸਰਦਾਰ ਲਖਵਿੰਦਰ ਸਿੰਘ ਬਸੰਤਪੁਰਾ,ਸਰਦਾਰ ਬਰਿੰਦਰ ਸਿੰਘ ਕਰਨਾ ਪੇਂਟ ਪ੍ਰਧਾਨ ਗੁਰਪੁਰਬ ਪ੍ਰਬੰਧਕ ਕਮੇਟੀ ਕਰਨਾਲ,ਸਰਦਾਰ ਇੰਦਰਪਾਲ ਸਿੰਘ ਕਰਨਾਲ,ਸਰਦਾਰ ਭੁਪਿੰਦਰ ਸਿੰਘ ਸੈਣੀ,ਸਰਦਾਰ ਹਰਪਾਲ ਸਿੰਘ ਧਰਮੀ ਫ਼ੌਜੀ,ਢਾਡੀ ਮਲਕੀਤ ਸਿੰਘ ਮੀਤ,ਸਕੱਤਰ ਸਰਬਜੀਤ ਸਿੰਘ ਜੰਮੂ ਵੀ ਇਸ ਸਮੇਂ ਹਾਜ਼ਰ ਸਨ ਜਥੇਦਾਰ ਦਾਦੂਵਾਲ ਸਾਹਿਬ ਜੀ ਨੇ ਇਸ ਇਤਿਹਾਸਕ ਜਿੱਤ ਤੇ 24 ਮਈ ਨੂੰ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਵਿਖੇ ਸਵੇਰੇ 9 ਤੋਂ ਦੁਪਹਿਰ 2 ਵਜੇ ਤੱਕ ਗੁਰੂ ਦਾ ਸ਼ੁਕਰਾਨਾ ਸਮਾਗਮ ਕਰਨ ਦਾ ਐਲਾਨ ਕੀਤਾ ਜਾਵੇਗਾ। ••


### ਮੀਰੀ ਪੀਰੀ ਕੇਸ ਹਾਈਕੋਰਟ ਚੋਂ ਜਿੱਤਣ ਤੇ ਜਥੇਦਾਰ ਦਾਦੂਵਾਲ ਜੀ ਦਾ


# ਹਰਿਆਣਾ ਕਮੇਟੀ ਦੇ ਅਹੁਦੇਦਾਰ ਮੈਂਬਰਾਂ ਅਤੇ ਸੰਗਤਾਂ ਨੇ ਕੀਤਾ ਵਿਸ਼ੇਸ਼ ਸਨਮਾਨ

## 24 ਮਈ ਐਤਵਾਰ ਨੂੰ ਗੁਰਦੁਆਰਾ ਦਾਦੂ ਸਾਹਿਬ ਵਿਖੇ ਹੋਵੇਗਾ ਗੁਰੂ ਦਾ ਸ਼ੁਕਰਾਨਾ ਸਮਾਗਮ











ਆਵਾਜ਼ਿ ਕੌਮ AWAZE QAUM International Newspaper & WEB TV











(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

### ਮੀਰੀ ਪੀਰੀ ਕੇਸ ਹਾਈਕੋਰਟ ਚੋਂ ਜਿੱਤਣ ਤੇ ਜਥੇਦਾਰ ਦਾਦੂਵਾਲ ਜੀ ਦਾ

# ਹਰਿਆਣਾ ਕਮੇਟੀ ਦੇ ਅਹੁਦੇਦਾਰ ਮੈਂਬਰਾਂ ਅਤੇ ਸੰਗਤਾਂ ਨੇ ਕੀਤਾ ਵਿਸ਼ੇਸ਼ ਸਨਮਾਨ

## 24 ਮਈ ਐਤਵਾਰ ਨੂੰ ਗੁਰਦੁਆਰਾ ਦਾਦੂ ਸਾਹਿਬ ਵਿਖੇ ਹੋਵੇਗਾ ਗੁਰੂ ਦਾ ਸ਼ੁਕਰਾਨਾ ਸਮਾਗਮ












ਆਵਾਜ਼ਿ ਕੌਮ AWAZE QAUM International Newspaper & WEB TV




### ਮੋਤਾ ਸਿੰਘ ਟਰੱਸਟ 'ਤੇ ਕਬਜ਼ੇ ਦੀ ਕੋਸ਼ਿਸ਼ ਦਾ ਦੋਸ਼, ਜੀ.ਕੇ. ਨੇ ਚੁੱਕੇ ਸਵਾਲ

# ਦਿੱਲੀ ਕਮੇਟੀ ਪ੍ਰਬੰਧਕ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਲਗਾਤਾਰ ਉਨ੍ਹਾਂ ਨੂੰ ਬਣਾ ਰਹੇ ਹਨ ਨਿਸ਼ਾਨਾ



ਨਵੀਂ ਦਿੱਲੀ, 14 ਮਈ (ਮਨਪ੍ਰੀਤ ਸਿੰਘ ਖਾਲਸਾ):- ਮਨਜੀਤ ਸਿੰਘ ਜੀਕੇ ਨੇ ਦੋਸ਼ ਲਗਾਇਆ ਹੈ ਕਿ ਐਸਐਸ ਮੋਤਾ ਸਿੰਘ ਚੈਰੀਟੇਬਲ ਟ੍ਰਸ੍ਟ 'ਤੇ ਪ੍ਰਭਾਵਸ਼ਾਲੀ ਲੋਕਾਂ ਵੱਲੋਂ ਗੈਰ-ਕਾਨੂੰਨੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 27 ਅਪ੍ਰੈਲ ਨੂੰ ਹੋਈ ਟਰੱਸਟੀ ਮੀਟਿੰਗ ਵਿੱਚ ਲੋੜੀਂਦਾ 2/3 ਬਹੁਮਤ ਨਾ ਹੋਣ ਕਾਰਨ ਨਿਯਮਾਂ ਵਿੱਚ ਸੋਧ ਨਹੀਂ ਹੋ ਸਕੀ, ਪਰ ਬਾਅਦ ਵਿੱਚ ਚਾਰ ਨਵੇਂ ਟਰੱਸਟੀ ਨਿਯੁਕਤ ਕਰਨ ਦਾ ਪੱਤਰ ਜਾਰੀ ਕਰ ਦਿੱਤਾ ਗਿਆ। ਜੀ.ਕੇ. ਨੇ ਦੱਸਿਆ ਕਿ ਪ੍ਰੋ. ਵਿਜੇਂਦਰ ਕੁਮਾਰ ਅਗਰਵਾਲ, ਸਵਾਤੀ ਗਰਗ, ਅਮਰਜੀਤ ਸਿੰਘ ਅਤੇ ਮਨੀਸ਼ ਗੁਪਤਾ ਨੂੰ ਨਵੇਂ ਟਰੱਸਟੀ ਬਣਾਇਆ ਗਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਇਨ੍ਹਾਂ ਨਿਯੁਕਤੀਆਂ ਪਿੱਛੇ ਕੌਣ ਹੈ ਅਤੇ ਸਰਕਾਰ ਨੂੰ ਇਸ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਟਰੱਸਟ ਨਾਲ ਸੰਬੰਧਿਤ ਫਾਈਲ ਐਸਡੀਐਮ ਕਾਪਸਹੇਰਾ ਆਫ਼ਿਸ ਤੋਂ ਗਾਇਬ ਹੋਣ ਦੀ ਜਾਣਕਾਰੀ ਮਿਲੀ ਹੈ। ਜਨਕਪੁਰੀ ਸਥਿਤ ਸਕੂਲ ਵਿੱਚ ਤਿੰਨ ਸਾਲਾ ਸਿੱਖ ਬੱਚੀ ਨਾਲ ਹੋਏ ਜਬਰ-ਜਨਾਹ ਮਾਮਲੇ ਦਾ ਜ਼ਿਕਰ ਕਰਦਿਆਂ ਜੀ.ਕੇ. ਨੇ ਕਿਹਾ ਕਿ ਦੋਸ਼ੀਆਂ ਨੂੰ ਬਚਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦਿੱਲੀ ਸਿੱਖ ਗੁਰਦਵਾਰਾ ਕਮੇਟੀ ਦੇ ਪ੍ਰਬੰਧਕਾਂ ਦੀ ਚੁੱਪੀ 'ਤੇ ਵੀ ਸਵਾਲ ਚੁੱਕੇ। ਜੀ.ਕੇ. ਨੇ ਕਿਹਾ ਕਿ ਦਿੱਲੀ ਕਮੇਟੀ ਦੇ ਮੌਜੂਦਾ ਪ੍ਰਬੰਧਕ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਲਗਾਤਾਰ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਕਮੇਟੀ ਪ੍ਰਧਾਨ ਅਤੇ ਜਨਰਲ ਸਕੱਤਰ ਨੇ ਉਨ੍ਹਾਂ ਦੇ ਸੰਮਨਾਂ ਮਾਮਲੇ 'ਤੇ ਤਾਂ ਤੁਰੰਤ ਪ੍ਰੈਸ ਕਾਨਫਰੰਸ ਕਰ ਦਿੱਤੀ, ਪਰ ਜਗਦੀਸ਼ ਟਾਈਟਲਰ ਨੂੰ ਜ਼ਮਾਨਤ ਮਿਲਣ, ਸੱਜਣ ਕੁਮਾਰ ਵਿਰੁੱਧ ਧਾਰਾ 302 ਦੇ ਦੋਸ਼ ਹਟਣ ਅਤੇ ਬਿਘੜ ਸਕੂਲ, ਦੋ ਆਈ.ਟੀ.ਆਈ. ਤੇ ਦੋ ਇੰਸਟੀਚਿਊਟ ਬੰਦ ਹੋਣ ਵਰਗੇ ਮਸਲਿਆਂ 'ਤੇ ਕਦੇ ਇਸੇ ਤਰ੍ਹਾਂ ਦੀ ਸਰਗਰਮੀ ਨਹੀਂ ਦਿਖਾਈ। ਆਪਣੇ ਖ਼ਿਲਾਫ਼ ਚੱਲ ਰਹੇ ਕੇਸਾਂ ਬਾਰੇ ਜੀ.ਕੇ. ਨੇ ਕਿਹਾ ਕਿ ਉਨ੍ਹਾਂ ਉੱਤੇ ਲਗੇ ?703 ਕਰੋੜ ਗਬਨ ਦੇ ਦੋਸ਼ਾਂ ਵਿੱਚੋਂ ਵੱਡੇ ਦੋਸ਼ ਟਿਕ ਨਹੀਂ ਸਕੇ ਅਤੇ ਹੁਣ ਉਹ ਅਦਾਲਤ ਵਿੱਚ ਆਪਣਾ ਪੱਖ ਪੂਰੀ ਤਰ੍ਹਾਂ ਰੱਖਣਗੇ। ਉਨ੍ਹਾਂ ਦਾਅਵਾ ਕੀਤਾ ਕਿ ਕਮੇਟੀ ਦੇ ਸਾਰੇ ਖਰਚੇ 15 ਮੈਂਬਰੀ ਅੰਤ੍ਰਿੰਗ ਕਮੇਟੀ ਦੀ ਮਨਜ਼ੂਰੀ ਨਾਲ ਕੀਤੇ ਗਏ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਬਸਪਾ ਵੱਲੋਂ ਸਫਾਈ ਕਰਮਚਾਰੀਆਂ ਦੀ ਹੜਤਾਲ ਨੂੰ ਪੂਰਨ ਸਮਰਥਨ

# ਬਸਪਾ ਸਰਕਾਰ ਬਣਨ ਤੇ ਸਫਾਈ ਕਰਮਚਾਰੀਆਂ ਦੀਆਂ 100% ਮੰਗਾਂ ਤੁਰੰਤ ਲਾਗੂ ਕਰਾਂਗੇ: ਕਰੀਮਪੁਰੀ



ਹੁਸ਼ਿਆਰਪੁਰ, 14 ਮਈ (ਆਵਾਜ਼ਿ ਕੌਮ ਬਿਊਰੋ)- ਬਹੁਜਨ ਸਮਾਜ ਪਾਰਟੀ ਵੱਲੋਂ ਵਿੱਢੀ ਗਈ 'ਪੰਜਾਬ ਸੰਭਾਲੋ ਮੁਹਿੰਮ' ਅੱਜ ਉਸ ਸਮੇਂ ਹੋਰ ਤੇਜ਼ ਹੋ ਗਈ ਜਦੋਂ ਬਸਪਾ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਹੁਸ਼ਿਆਰਪੁਰ ਵਿਖੇ ਹੜਤਾਲ 'ਤੇ ਬੈਠੇ ਸਫਾਈ ਕਰਮਚਾਰੀਆਂ ਦੇ ਅੰਦੋਲਨ ਵਿੱਚ ਸ਼ਮੂਲੀਅਤ ਕੀਤੀ ਅਤੇ ਉਹਨਾਂ ਦੀਆਂ ਮੰਗਾਂ ਨੂੰ ਜਾਇਜ਼ ਠਹਿਰਾਉਂਦਿਆਂ ਪੂਰਨ ਸਮਰਥਨ ਦਾ ਐਲਾਨ ਕੀਤਾ ਅਤੇ ਠੇਕੇਦਾਰੀ ਸਿਸਟਮ ਨੂੰ ਕਰਮਚਾਰੀਆਂ ਦੇ ਸ਼ੋਸ਼ਣ ਦਾ ਮੁੱਖ ਕਾਰਨ ਦੱਸਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਕਰੀਮਪੁਰੀ ਨੇ ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਇਹ ਸਾਰੀਆਂ ਸਿਆਸੀ ਪਾਰਟੀਆਂ ਠੇਕੇਦਾਰੀ ਸਿਸਟਮ ਦੀਆਂ ਪੋਸ਼ਕ ਹਨ, ਜੋ ਸਿੱਧੇ ਤੌਰ 'ਤੇ ਕਰਮਚਾਰੀਆਂ ਦੇ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਲਈ ਜ਼ਿੰਮੇਵਾਰ ਹੈ। ਬਸਪਾ ਇਸ ਲੁੱਟ ਦੇ ਸਿਸਟਮ ਦੇ ਸਖ਼ਤ ਖ਼ਿਲਾਫ਼ ਹੈ ਅਤੇ ਕਰਮਚਾਰੀਆਂ ਦੇ ਹੱਕਾਂ ਦੀ ਲੜਾਈ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਕਰੀਮਪੁਰੀ ਨੇ ਮੌਜੂਦਾ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਸਮੂਹ ਕੱਚੇ ਕਰਮਚਾਰੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਪੱਕਾ ਕੀਤਾ ਜਾਵੇ, ਆਪਣੇ ਚੋਣ ਵਾਅਦੇ ਮੁਤਾਬਿਕ ਪੁਰਾਣੀ ਪੈਨਸ਼ਨ ਸਕੀਮ ਤੁਰੰਤ ਪ੍ਰਭਾਵ ਨਾਲ ਲਾਗੂ ਕੀਤੀ ਜਾਵੇ, ਕਰਮਚਾਰੀਆਂ ਅਤੇ ਪੈਨਸ਼ਨਰਾਂ ਦਾ ਬਕਾਇਆ 18% ਡੀ.ਏ. ਤੁਰੰਤ ਜਾਰੀ ਕੀਤਾ ਜਾਵੇ। ਕਰੀਮਪੁਰੀ ਨੇ ਪੰਜਾਬ ਸੰਭਾਲੋ ਮੁਹਿੰਮ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਐਲਾਨ ਕੀਤਾ ਕਿ ਜੇਕਰ ਪੰਜਾਬ ਦੀ ਜਨਤਾ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨੂੰ ਅਸ਼ੀਰਵਾਦ ਦੇ ਕੇ ਸੱਤਾ ਵਿੱਚ ਲਿਆਉਂਦੀ ਹੈ, ਤਾਂ ਸਰਕਾਰ ਬਣਦਿਆਂ ਹੀ 100% ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਅਤੇ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਲਾਗੂ ਕਰਨ ਦਾ ਫੈਸਲਾ ਲਿਆ ਜਾਵੇਗਾ। ਉਨ੍ਹਾਂ ਅੰਤ ਵਿੱਚ ਕਿਹਾ ਕਿ 'ਪੰਜਾਬ ਸੰਭਾਲੋ ਮੁਹਿੰਮ' ਦਾ ਮਕਸਦ ਸੂਬੇ ਨੂੰ ਇਹਨਾਂ ਲੁਟੇਰੀਆਂ ਪਾਰਟੀਆਂ ਤੋਂ ਮੁਕਤ ਕਰਵਾ ਕੇ ਲੋਕ-ਪੱਖੀ ਰਾਜ ਸਥਾਪਿਤ ਕਰਨਾ ਹੈ, ਇਸ ਮੌਕੇ ਪਾਰਟੀ ਦੇ ਜੋਨ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ, ਸਟੇਟ ਜਨਰਲ ਸੈਕਟਰੀ ਠੇਕੇਦਾਰ ਭਗਵਾਨ ਦਾਸ ਸਿੱਧੂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਟੇਟ ਸੈਕਟਰੀ ਮਨਿੰਦਰ ਸਿੰਘ ਸ਼ੇਰਪੁਰੀ, ਸੁਖਦੇਵ ਬਿੱਟਾ ਸਟੇਟ ਸੈਕਟਰੀ, ਜਿਲਾ ਜਨਰਲ ਸੈਕਟਰੀ ਧਰਮਿੰਦਰ ਦਾਦਰਾ ਐਡਵੋਕੇਟ, ਜਿਲਾ ਉਪ ਪ੍ਰਧਾਨ ਸੋਮਨਾਥ ਬੈਂਸ, ਮਦਨ ਸਿੰਘ ਬੈਂਸ ਇਨਚਾਰਜ ਵਿਧਾਨ ਸਭਾ ਹੁਸ਼ਿਆਰਪੁਰ, ਜਗਮੋਨ ਸੱਜਣਾ ਸਰਪੰਚ, ਵਿਜੇ ਖਾਨਪੁਰੀ, ਹਰਜੀਤ ਲਾਡੀ, ਯਸ਼ ਭੱਟੀ, ਵਰਿੰਦਰ ਬੱਧਣ, ਇੰਜ. ਸਤਪਾਲ ਭਾਰਦਵਾਜ, ਰਮਨ ਰਲ, ਕੁਲਵੰਤ ਸਿੰਘ ਸੈਣੀ ਪ੍ਰਧਾਨ ਸਫਾਈ ਸੇਵਕ ਕਰਮਚਾਰੀ, ਕਰਨਜੋਤ ਆਦੀਆ, ਸੋਮਨਾਥ ਆਦੀਆ, ਬਿਕਰਮਜੀਤ ਬੰਟੀ, ਨਰੇਸ਼ ਕੁਮਾਰ, ਜੋਗਿੰਦਰ ਪਾਲ ਤੋਂ ਇਲਾਵਾ ਹੋਰ ਆਗੂ ਅਤੇ ਵੱਡੀ ਗਿਣਤੀ ਵਿੱਚ ਕਰਮਚਾਰੀ ਅਤੇ ਸੇਵਾ ਮੁਕਤ ਕਰਮਚਾਰੀ ਮੌਜੂਦ ਸਨ।

Sting Operation NEWSPAPER & WEB CHANNEL

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 11 'ਚ 39 ਲੱਖ ਰੁਪਏ ਦੀ ਲਾਗਤ ਨਾਲ ਸੜਕ ਨਿਰਮਾਣ ਕਾਰਜ ਆਰੰਭ ਕਰਵਾਇਆ



ਹੁਸ਼ਿਆਰਪੁਰ, 14 ਮਈ (ਆਵਾਜ਼ਿ ਕੌਮ ਬਿਊਰੋ)-ਪੰਜਾਬ ਸਰਕਾਰ ਵੱਲੋਂ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਲਗਾਤਾਰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 11 ਵਿੱਚ ਲਗਭਗ 39 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸਵਾ ਕਿਲੋਮੀਟਰ ਲੰਬੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਇਲਾਕੇ ਦੇ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ ਅਤੇ ਸਥਾਨਕ ਨਿਵਾਸੀਆਂ ਨੇ ਲੰਬੇ ਸਮੇਂ ਤੋਂ ਲੰਬਿਤ ਇਸ ਮੰਗ ਨੂੰ ਪੂਰਾ ਕਰਨ ਲਈ ਵਿਧਾਇਕ ਦਾ ਧੰਨਵਾਦ ਕੀਤਾ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ ਅਤੇ ਬੁਨਿਆਦੀ ਸਹੂਲਤਾਂ ਦੇ ਵਿਸਥਾਰ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 11 ਦੀ ਇਹ ਸੜਕ ਬਣਨ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਕਾਫ਼ੀ ਸਹੂਲਤ ਮਿਲੇਗੀ ਅਤੇ ਇਲਾਕੇ ਦੀ ਤਸਵੀਰ ਵੀ ਬਦਲੇਗੀ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਰਮਾਣ ਕਾਰਜ ਨਿਰਧਾਰਤ ਸਮੇਂ ਅੰਦਰ ਅਤੇ ਗੁਣਵੱਤਾ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਵਿਧਾਇਕ ਨੇ ਕਿਹਾ ਕਿ ਇਲਾਕੇ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵੱਖ-ਵੱਖ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਕਿਰਨ ਸਮੇਤ ਹੋਰ ਪਤਵੰਤੇ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਹਲਕਾ ਇੰਚਾਰਜ ਰਣਜੀਤ ਸਿੰਘ ਕਾਤਰੋਂ ਨੇ ਬਿੱਟੂ ਨੂੰ ਵਾਰਡ ਨੰ 17 ਤੋਂ ਉਮੀਦਵਾਰ ਐਲਾਨਿਆ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਤੇ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਵੱਲੋਂ ਧੂਰੀ ਦੀਆਂ ਮਿਉਸਪਲ ਕਮੇਟੀ ਚੋਣਾਂ ਵਿੱਚ ਆਪਣੇ ਉਮੀਦਵਾਰਾਂ ਦਾ ਦਿਨ ਬ ਦਿਨ ਐਲਾਨ ਕੀਤਾ ਜਾ ਰਿਹਾ ਹੈ। ਇਸੇ ਹੀ ਤਹਿਤ ਅੱਜ ਵਾਰਡ ਨੰਬਰ 17 ਤੋਂ ਜਸਨਦੀਪ ਸਿੰਘ ਬਿੱਟੂ ਨੂੰ ਉਮੀਦਵਾਰ ਬਣਾਇਆ ਗਿਆ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੂਰੇ ਪੰਜਾਬ ਵਿੱਚ ਮਿਊਸਪਲ ਕਮੇਟੀ ਦੀਆਂ ਚੋਣਾਂ ਲੜੀਆਂ ਜਾ ਰਹੀਆਂ ਹਨ। ਇਸੇ ਹੀ ਤਹਿਤ ਧੂਰੀ ਦੇ 21 ਵਾਰਡਾਂ ਵਿੱਚ ਪਾਰਟੀ ਦੇ ਉਮੀਦਵਾਰ ਖੜੇ ਕੀਤੇ ਜਾ ਰਹੇ ਹਨ। ਉਹਨਾਂ ਧੂਰੀ ਵਾਸੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਅਤੇ ਪੰਥ ਸਰਬੱਤ ਦੇ ਭਲੇ ਦੇ ਲਈ ਸ਼੍ਰੋਮਣੀ ਅਕਾਲੀ ਦਲ ਦੇ 21 ਵਾਰਡਾਂ ਵਿੱਚ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾ ਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਹੱਥ ਮਜਬੂਤ ਕਰੋ। ਇਸ ਮੌਕੇ ਸੋਮਾ ਸਿੰਘ, ਕਾਕਾ ਸਿੰਘ, ਮੇਜਰ ਸਿੰਘ, ਗੌਤਮ, ਸ਼ੰਕਰ, ਗਿੰਦਾ, ਕੁਲਦੀਪ ਸਿੰਘ, ਰਾਜੂ, ਗੋਬਿੰਦ, ਸੋਨੂ ,ਹੈਪੀ ,ਬਿੱਲਾ ,ਲੱਖਾ, ਕਾਕਾ ਸਰਬਜੀਤ ਸਿੰਘ ਕਾਤਰੋਂ ਹਾਜਰ ਸਨ।

# ਧੂਰੀ ਐਮ,ਸੀ ਚੋਣਾਂ ਦੇ ਲਈ ਭਾਜਪਾ ਨੇ ਆਪਣੇ ਉਮੀਦਵਾਰਾਂ ਦਾ ਕੀਤਾ ਐਲਾਨ

ਧੂਰੀ ( ਰਣਜੀਤ ਸਿੰਘ ਪੇਧਨੀ ) ਜਨਤਾ ਪਾਰਟੀ ਦੇ ਸੂਬਾ ਜਨਰਲ ਸਕੱਤਰ ਦਿਆਲ ਸਿੰਘ ਸੋਢੀ , ਐਮ.ਸੀ. ਚੋਣ ਧੂਰੀ ਇੰਚਾਰਜ ਅਮਨਦੀਪ ਸਿੰਘ ਪੂਨੀਆ, ਜ਼ਿਲ੍ਹਾ ਪ੍ਰਧਾਨ ਸੰਗਰੂਰ 1 ਸਰਜੀਵਨ ਜਿੰਦਲ , ਪ੍ਰੋ. ਓਂਕਾਰ ਸਿੰਘ ਸਿੱਧੂ , ਰਣਦੀਪ ਸਿੰਘ ਦਿਓਲ , ਅਸ਼ੀਸ਼ ਗਰਗ (ਮੰਡਲ ਪ੍ਰਧਾਨ ਧੂਰੀ ਸ਼ਹਿਰ), ਅੰਕੁਰ ਜਿੰਦਲ (ਸੂਬਾ ਕਾਰਜਕਾਰਨੀ ਮੈਂਬਰ), ਪ੍ਰਦੀਪ ਗਰਗ (ਜਿਲ੍ਹਾ ਜਨਰਲ ਸਕੱਤਰ) ਅਤੇ ਬਰਿਜੇਸ਼ਵਰ ਗੋਇਲ (ਸੂਬਾ ਕਾਰਜਕਾਰਨੀ ਮੈਂਬਰ) ਆਦਿ ਆਗੂਆਂ ਵੱਲੋਂ ਵਿਸ਼ੇਸ ਮੀਟਿੰਗ ਕਰਕੇ 26 ਮਈ ਨੂੰ ਹੋਣ ਜਾ ਰਹੀਆਂ ਮਿਉਸਪਲ ਕਮੇਟੀ ਦੀਆਂ ਚੋਣਾਂ ਵਿੱਚ ਭਾਜਪਾ ਧੂਰੀ ਵੱਲੋਂ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਲਈ ਪਾਰਟੀ ਉਮੀਦਵਾਰਾਂ ਦਾ ਐਲਾਨ ਕੀਤਾ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ, ਵਾਰਡ ਨੰਬਰ 1: ਹਰਜਿੰਦਰ ਕੌਰ , ਮਾਤਾ ਲਾਡੀ ਧਾਲੀਵਾਲ,ਵਾਰਡ ਨੰਬਰ 2: ਪਰਮਜੀਤ ਸਿੰਘ ਭਿੰਦੀ,ਵਾਰਡ ਨੰਬਰ 3: ਮਹਿਕ ਗੋਇਲ ਪਤਨੀ ਅਸ਼ਵਨੀ ਗੋਇਲ (ਸੋਨੀ ਬਾਂਗਰੂ),ਵਾਰਡ ਨੰਬਰ 4: ਸੁਰਿੰਦਰ ਕੁਮਾਰ ,ਵਾਰਡ ਨੰਬਰ 5: ਸੋਨਾ ਰਾਣੀ ਪਤਨੀ ਸੰਜੀਵ ਸ਼ਰਮਾ

ਵਾਰਡ ਨੰਬਰ 6: ਅਸ਼ਵਨੀ ਕੁਮਾਰ (ਮਿੱਠੂ $3),ਵਾਰਡ ਨੰਬਰ 7: ਰਾਣੀ ਪਤਨੀ ਹੰਸਾ,ਵਾਰਡ ਨੰਬਰ 10: ਹਰੀ ਕ੍ਰਿਸ਼ਨ (ਮਨੀ $3),ਵਾਰਡ ਨੰਬਰ 11: ਮਮਤਾ ਪਤਨੀ ਲਾਭ ਹੀਰਾ

ਵਾਰਡ ਨੰਬਰ 13: ਨੀਰੂ ਸਿੰਗਲਾ

ਵਾਰਡ ਨੰਬਰ 15: ਹਰਪਾਲ ਕੌਰ ਪਤਨੀ ਗੁਰਸ਼ਰਨ ਸਿੰਘ (ਅਕਾਲ ਕਿੰਗ ਵਾਲੇ)ਵਾਰਡ ਨੰਬਰ 16: ਹਰੀਸ਼ ਸ਼ਰਮਾ

ਵਾਰਡ ਨੰਬਰ :17 ਪੁੰਨੂ ਵਲਜੋਤ,

ਵਾਰਡ ਨੰਬਰ : 18 ਭੁਪਿੰਦਰ ਕੌਰ ਪਤਨੀ ਜਗਮੇਲ ਸਿੰਘ ,ਵਾਰਡ ਨੰਬਰ:19 ਸਾਰਿਕਾ ਚੱਡਾ,ਵਾਰਡ ਨੰਬਰ :20 ਨਰਪਿੰਦਰ ਸਿੰਘ ਗੋਰਾ

ਵਾਰਡ ਨੰਬਰ :21 ਰੌਬਿਨ ਸਿੰਘ ਨੂੰ ਪਾਰਟੀ ਨੇ ਟਿਕਟਾਂ ਦੇ ਕੇ ਲੋਕਾਂ ਦੀ ਕਚਿਹਰੀ ਵਿਚ ਹਾਜਰ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਭਿੰਦੀ ਨੇ ਚੋਣ ਪ੍ਰਚਾਰ ਵਿੱਚ ਦੂਜੀਆਂ ਪਾਰਟੀਆਂ ਨੂੰ ਪਿੱਛੇ ਛੱਡਿਆਂ




ਧੂਰੀ ( ਰਣਜੀਤ ਸਿੰਘ ਪੇਧਨੀ )-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵੀ ਪ੍ਰੋ ਓਂਕਾਰ ਸਿੰਘ ਸਿੱਧੂ ਦੀ ਅਗਵਾਈ ਹੇਠ ਵਾਰਡ ਨੰਬਰ 2 ਤੋਂ ਚੋਣ ਲੜ ਰਹੇ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਭਿੰਦੀ ਵੱਲੋਂ ਆਪਣਾਚੋਣ ਪ੍ਰਚਾਰ ਸਿਖਰਾਂ ਤੇ ਪਹੁੰਚਾਇਆ ਹੋਇਆ ਹੈ ਉਹ ਆਪਣੇ ਚੋਣ ਪ੍ਰਚਾਰ ਵਿੱਚ ਦੂਸਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਪਿੱਛੇ ਛੱਡਦੇ ਨਜ਼ਰ ਆ ਰਹੇ ਹਨ। ਜ਼ਿਕਰਯੋਗ ਹੈ ਕਿ ਸਮਾਜ ਸੇਵੀ ਭਿੰਦੀ ਪਹਿਲਾਂ ਤੋਂ ਹੀ ਵਾਰਡ ਨੰਬਰ 2 ਵਿੱਚ ਪਿਛਲੇ ਦੋ ਸਾਲਾਂ ਤੋਂ ਆਪਣੀਆਂ ਸਰਗਰਮੀਆਂ ਵਧਾਈਆਂ ਹੋਈਆਂ ਹਨ। ਜਿਸ ਤਰਾਂ ਭਿੰਦੀ ਲੋਕਾਂ ਦੀ ਸੇਵਾ ਕਰਦੇ ਹਨ ਉਸੇ ਹੀ ਤਰ੍ਹਾਂ ਲੋਕ ਵੀ ਉਨ੍ਹਾਂ ਨੂੰ ਆਪਣੀਆਂ ਪਲਕਾਂ ਤੇ ਬਿਠਾ ਰਹੇ ਹਨ।ਇਸ ਮੌਕੇ ਪਰਮਜੀਤ ਸਿੰਘ ਭਿੰਦੀ ਨੇ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 26 ਮਈ ਨੂੰ ਆਪਣੇ ਵਾਰਡ ਦੀ ਤਰੱਕੀ ਲਈ ਉਨ੍ਹਾਂ ਨੂੰ ਵੋਟਾਂ ਵਿੱਚ ਜਿੱਤਕੇ ਕਾਮਯਾਬ ਬਣਾਓ।